ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com
Also On
Visit on facebook
https://www.facebook.com/awazeqaumtv/videos/194899582124531/
You Tube https://youtu.be/LQwolgxDu7I
awazeqaumtvpunjab@gmail.com

ਬੁੱਧਵਾਰ, 25 ਜੂਨ 2025 (ਨਾਨਕਸ਼ਾਹੀ ਸੰਮਤ : ੫੫੭, ੧੧ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਪੰਜਾਬ ਵਿੱਚ ਮਾਨਸੂਨ ਦੀ ਐਂਟਰੀ, ਅਗਲੇ 4-5 ਦਿਨ ਭਾਰੀ ਮੀਂਹ ਦੀ ਚਿਤਾਵਨੀ

**ਚੰਡੀਗੜ੍ਹ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਮਾਨਸੂਨ ਪੰਜਾਬ ਵਿੱਚ ਦਾਖਲ ਹੋ ਗਿਆ ਹੈ ਅਗਲੇ 4 ਤੋਂ 5 ਦਿਨਾਂ ਲਈ ਚੰਡੀਗੜ੍ਹ ਸਮੇਤ ਪੰਜਾਬ ਅਤੇ ਹਰਿਆਣਾ ਵਿੱਚ ਭਾਰੀ ਮੀਂਹ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰੇਂਦਰ ਪਾਲ ਨੇ ਦੱਸਿਆ ਕਿ ਮੌਸਮ ਵਿਭਾਗ ਦੇ ਮੁਤਾਬਕ ਅਗਲੇ ਦੋ ਦਿਨਾਂ ਵਿੱਚ ਮਾਨਸੂਨ ਪੰਜਾਬ ਦੇ ਕੁਝ ਹੋਰ ਹਿੱਸਿਆਂ ਨੂੰ ਕਵਰ ਕਰੇਗਾ। ਵਿਭਾਗ ਨੇ ਮੰਗਲਵਾਰ ਤੋਂ ਅਗਲੇ ਛੇ ਦਿਨਾਂ ਲਈ ਪੰਜਾਬ ਵਿੱਚ ਕਈ ਥਾਵਾਂ ’ਤੇ ਤੇਜ਼ ਗਰਜ ਦੇ ਨਾਲ-ਨਾਲ ਭਾਰੀ ਮੀਂਹ ਪੈਣ ਦੀ ਚਿਤਾਵਨੀ ਜਾਰੀ ਕੀਤੀ ਹੈ। ਇਸ ਸਮੇਂ ਦੌਰਾਨ ਖਾਸ ਕਰਕੇ 25 ਜੂਨ ਲਈ ਬਹੁਤ ਭਾਰੀ ਮੀਂਹ ਪੈਣ ਦਾ ਸੰਤਰੀ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਮੌਸਮ ਵਿਭਾਗ ਦੇ ਡਾਇਰੈਕਟਰ ਨੇ ਕਿਹਾ ਕਿ 2 ਦਿਨਾਂ ਬਾਅਦ ਮਾਨਸੂਨ ਚੰਡੀਗੜ੍ਹ ਸਮੇਤ ਪੰਜਾਬ ਅਤੇ ਹਰਿਆਣਾ ਦੇ ਸਾਰੇ ਜ਼ਿਲ੍ਹਿਆਂ ਨੂੰ ਕਵਰ ਕਰ ਲਵੇਗਾ ਅਤੇ ਇਸ ਵਾਰ ਮਾਨਸੂਨ ਬਹੁਤ ਸਰਗਰਮ ਹੋਣ ਵਾਲਾ ਹੈ ਅਤੇ ਬਹੁਤ ਭਾਰੀ ਬਾਰਿਸ਼ ਹੋਣ ਦੀ ਵੀ ਉਮੀਦ ਹੈ।

### ਹਮਲੇ ਤੋਂ ਬਾਅਦ ਵੀ ਅਮਰੀਕਾ ਨੂੰ ਲੱਗ ਰਿਹਾ ਡਰ ?

# ਈਰਾਨ ਦਾ 400 ਕਿੱਲੋ ਯੂਰੇਨੀਅਮ ਗਾਇਬ !

**ਵਾਸ਼ਿੰਗਟਨ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਅਮਰੀਕਾ ਦੇ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਏਬੀਸੀ ਨਿਊਜ਼ ਨੂੰ ਦੱਸਿਆ ਕਿ ਈਰਾਨ ਦੇ ਪ੍ਰਮਾਣੂ ਸਥਾਨਾਂ ’ਤੇ ’ਬੰਕਰ ਬਸਟਰ’ ਬੰਬ ਸੁੱਟੇ ਜਾਣ ਤੋਂ ਬਾਅਦ 400 ਕਿਲੋਗ੍ਰਾਮ ਯੂਰੇਨੀਅਮ ਭੰਡਾਰ ਗਾਇਬ ਹਨ। ਅਮਰੀਕਾ ਨੂੰ ਨਹੀਂ ਪਤਾ ਕਿ ਇਹ ਯੂਰੇਨੀਅਮ, ਜੋ ਕਿ 10 ਪ੍ਰਮਾਣੂ ਹਥਿਆਰ ਬਣਾਉਣ ਲਈ ਕਾਫ਼ੀ ਹੈ, ਕਿੱਥੇ ਗਿਆ। ਇਹ ਗੁੰਮ ਹੋਇਆ ਯੂਰੇਨੀਅਮ 60 ਪ੍ਰਤੀਸ਼ਤ ਤੱਕ ਸ਼ੁੱਧ ਹੈ। ਇਸਨੂੰ ਪ੍ਰਮਾਣੂ ਹਥਿਆਰ ਵਜੋਂ ਵਰਤਣ ਲਈ, ਇਸਨੂੰ ਲਗਭਗ 90 ਪ੍ਰਤੀਸ਼ਤ ਤੱਕ ਸ਼ੁੱਧ ਕਰਨ ਦੀ ਜ਼ਰੂਰਤ ਹੋਏਗੀ। ਮਾਹਿਰਾਂ ਦਾ ਮੰਨਣਾ ਹੈ ਕਿ ਈਰਾਨ ਇਨ੍ਹਾਂ 400 ਕਿਲੋਗ੍ਰਾਮ ਯੂਰੇਨੀਅਮ ਨੂੰ ਇੱਕ ਸ਼ਕਤੀਸ਼ਾਲੀ ਹਥਿਆਰ ਵਜੋਂ ਵਰਤ ਸਕਦਾ ਹੈ ਜਦੋਂ ਉਹ ਇੱਕ ਨਵੇਂ ਪ੍ਰਮਾਣੂ ਸਮਝੌਤੇ ’ਤੇ ਅਮਰੀਕਾ ਨਾਲ ਗੱਲਬਾਤ ਮੁੜ ਸ਼ੁਰੂ ਕਰਦਾ ਹੈ ਅਜਿਹੀਆਂ ਰਿਪੋਰਟਾਂ ਹਨ ਕਿ ਈਰਾਨ ਨੇ ਹਮਲੇ ਤੋਂ ਕੁਝ ਦਿਨ ਪਹਿਲਾਂ ਯੂਰੇਨੀਅਮ ਭੰਡਾਰ



ਦੇ ਨਾਲ-ਨਾਲ ਕੁਝ ਉਪਕਰਣਾਂ ਨੂੰ ਕਿਸੇ ਗੁਪਤ ਸਥਾਨ ’ਤੇ ਤਬਦੀਲ ਕਰ ਦਿੱਤਾ ਹੋ ਸਕਦਾ ਹੈ। ਇਸ ਦਾਅਵੇ ਨੂੰ ਇਜ਼ਰਾਈਲੀ ਅਧਿਕਾਰੀਆਂ ਨੇ ’ਦ ਨਿਊਯਾਰਕ ਟਾਈਮਜ਼’ ਨੂੰ ਦੁਹਰਾਇਆ ਹੈ। ਅਮਰੀਕੀ ਹਮਲੇ ਤੋਂ ਪਹਿਲਾਂ ਦੀਆਂ ਸੈਟੇਲਾਈਟ ਤਸਵੀਰਾਂ ਵਿੱਚ ਫੋਰਡੋ ਪ੍ਰਮਾਣੂ ਪਲਾਂਟ ਦੇ ਬਾਹਰ 16 ਟਰੱਕਾਂ ਦੀ ਕਤਾਰ ਦਿਖਾਈ ਗਈ ਸੀ। ਇਹ ਪ੍ਰਮਾਣੂ ਪਲਾਂਟ ਇੱਕ ਪਹਾੜ ਦੇ ਅੰਦਰ ਬਣਾਇਆ ਗਿਆ ਹੈ ਅਤੇ ਇਸਨੂੰ ਜ਼ਿਆਦਾਤਰ ਮਿਜ਼ਾਈਲ ਹਮਲਿਆਂ ਲਈ ਅਭੇਦ ਮੰਨਿਆ ਜਾਂਦਾ ਹੈ। ਇਸ ਤੋਂ ਬਾਅਦ, ਇਜ਼ਰਾਈਲ ਨੇ ਅਮਰੀਕਾ ਨੂੰ ਆਪਣੇ ਬੀ-2 ਲੜਾਕੂ ਜਹਾਜ਼ਾਂ ਤੋਂ ਬੰਬ, ਜਿਸਨੂੰ ਬੰਕਰ ਬਰਸਟਿੰਗ ਬੰਬ ਕਿਹਾ ਜਾਂਦਾ ਹੈ, ਸੁੱਟਣ ਲਈ ਕਿਹਾ ਅਤੇ ਅਮਰੀਕਾ ਨੇ ਐਤਵਾਰ ਨੂੰ ਵੀ ਅਜਿਹਾ ਹੀ ਕੀਤਾ। ਇਹ ਸਪੱਸ਼ਟ ਨਹੀਂ ਹੈ ਕਿ ਉਨ੍ਹਾਂ ਟਰੱਕਾਂ ਵਿੱਚ ਕੀ ਲਿਜਾਇਆ ਗਿਆ ਸੀ ਅਤੇ ਇਸਨੂੰ ਕਿੱਥੇ ਲਿਜਾਇਆ ਗਿਆ ਸੀ। ਹਾਲਾਂਕਿ, ਅਮਰੀਕਾ ਅਤੇ ਇਜ਼ਰਾਈਲ ਦਾ ਪੱਕਾ ਮੰਨਣਾ ਹੈ ਕਿ ਟਰੱਕਾਂ ਦੀ ਮਦਦ ਨਾਲ, ਯੂਰੇਨੀਅਮ ਦੇ ਭੰਡਾਰ ਅਤੇ ਉਪਕਰਣਾਂ ਨੂੰ ਈਰਾਨ ਦੀ ਪ੍ਰਾਚੀਨ ਰਾਜਧਾਨੀ ਇਸਫਾਹਾਨ ਦੇ ਨੇੜੇ ਇੱਕ ਹੋਰ ਭੂਮੀਗਤ ਭੰਡਾਰਿਤ ਸਥਾਨ ’ਤੇ ਤਬਦੀਲ ਕਰ ਦਿੱਤਾ ਗਿਆ ਹੈ।

## ਭਾਰਤ ਤੱਕ ਪਹੁੰਚਿਆ ਈਰਾਨ-ਇਜ਼ਰਾਈਲ ਜੰਗ ਦਾ ਸੇਕ ! ਹਾਲਾਤ ਵਿਗੜਦੇ ਵੇਖ 60 ਤੋਂ ਵੱਧ ਉਡਾਣਾਂ ਰੱਦ

**ਨਵੀਂ ਦਿੱਲੀ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਈਰਾਨ-ਇਜ਼ਰਾਈਲ ਜੰਗ ਕਰਕੇ ਦੁਨੀਆ ਭਰ ਵਿੱਚ ਭੜਥੂ ਪਿਆ ਹੋਇਆ ਹੈ। ਇਸ ਜੰਗ ਦਾ ਸੇਕ ਭਾਰਤ ਤੱਕ ਵੀ ਪਹੁੰਚਿਆ ਹੈ। ਭਾਰਤ ਤੋਂ ਮੱਧ ਪੂਰਬ ਜਾਣ ਵਾਲੀਆਂ ਤੇ ਆਉਣ ਵਾਲੀਆਂ ਉਡਾਣਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। ਵਧਦੇ ਤਣਾਅ ਤੇ ਹਵਾਈ ਖੇਤਰ ਬੰਦ ਹੋਣ ਕਾਰਨ ਹੁਣ ਤੱਕ 60 ਤੋਂ ਵੱਧ ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਦਿੱਲੀ ਹਵਾਈ ਅੱਡੇ ਤੋਂ 48 ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ 28 ਉਡਾਣਾਂ ਦਿੱਲੀ ਆਉਣੀਆਂ ਸਨ ਤੇ 20 ਦਿੱਲੀ ਤੋਂ ਰਵਾਨਾ ਹੋਣੀਆਂ ਸਨ। ਇਸੇ ਤਰ੍ਹਾਂ ਜੈਪੁਰ ਹਵਾਈ ਅੱਡੇ ਤੋਂ 6 ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਮੱਧ ਪੂਰਬ ਜਾਣ ਵਾਲੀਆਂ ਤੇ ਆਉਣ ਵਾਲੀਆਂ 3-3 ਉਡਾਣਾਂ ਸ਼ਾਮਲ ਹਨ। ਯੂਏਈ-ਕਤਰ ਹਵਾਈ ਖੇਤਰ ਬੰਦ ਹੋਣ ਕਾਰਨ ਲਖਨਊ ਹਵਾਈ ਅੱਡੇ ਤੋਂ ਅਬੂ ਧਾਬੀ ਤੇ ਸ਼ਾਰਜਾਹ ਜਾਣ ਵਾਲੀਆਂ 2 ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਅਹਿਮਦਾਬਾਦ ਹਵਾਈ ਅੱਡੇ ’ਤੇ ਆਉਣ ਵਾਲੀਆਂ 5 ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਲੰਡਨ, ਅਬੂ ਧਾਬੀ, ਦੁਬਈ, ਕੁਵੈਤ ਤੇ ਦੋਹਾ ਤੋਂ ਆਉਣ ਵਾਲੀਆਂ ਉਡਾਣਾਂ ਸ਼ਾਮਲ ਹਨ। ਇਸ ਦੇ ਨਾਲ ਹੀ ਅੰਮ੍ਰਿਤਸਰ ਹਵਾਈ ਅੱਡੇ ਤੋਂ ਦੁਬਈ ਜਾਣ ਵਾਲੀ ਉਡਾਣ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ। ਦਰਅਸਲ 23 ਜੂਨ ਦੀ ਰਾਤ ਨੂੰ, ਈਰਾਨ ਨੇ ਆਪਣੇ ਪ੍ਰਮਾਣੂ ਟਿਕਾਣਿਆਂ ’ਤੇ ਹਮਲਿਆਂ ਦਾ ਬਦਲਾ ਲੈਣ ਲਈ ਕਤਰ ਵਿੱਚ ਅਮਰੀਕੀ ਅਲ-ਉਦੀਦ ਹਵਾਈ ਫੌਜੀ ਅੱਡੇ ’ਤੇ 6 ਮਿਜ਼ਾਈਲਾਂ ਦਾਗੀਆਂ ਸੀ। ਇਸ ਤੋਂ ਬਾਅਦ ਕਤਰ, ਬਹਿਰੀਨ, ਯੂਏਈ, ਇਰਾਕ ਤੇ ਕੁਵੈਤ ਨੇ ਆਪਣੇ ਹਵਾਈ ਖੇਤਰ ਨੂੰ ਅਸਥਾਈ ਤੌਰ ’ਤੇ ਬੰਦ ਕਰ ਦਿੱਤਾ। ਇੰਡੀਗੋ ਨੇ ਕਿਹਾ ਹੈ ਕਿ ਜਿਵੇਂ-ਜਿਵੇਂ ਮੱਧ ਪੂਰਬ ਦੇ ਹਵਾਈ ਅੱਡੇ ਦੁਬਾਰਾ ਖੁੱਲ੍ਹ ਰਹੇ ਹਨ, ਅਸੀਂ ਉੱਥੋਂ ਦੇ ਰੂਟਾਂ ’ਤੇ ਸਾਵਧਾਨੀ ਨਾਲ ਤੇ ਹੌਲੀ-ਹੌਲੀ ਆਪਣੀਆਂ ਸੇਵਾਵਾਂ ਮੁੜ ਸ਼ੁਰੂ ਕਰ ਰਹੇ ਹਾਂ। ਅਸੀਂ ਪੂਰੀ ਸਥਿਤੀ ’ਤੇ ਨਜ਼ਰ ਰੱਖ ਰਹੇ ਹਾਂ। ਅਸੀਂ ਯਾਤਰੀਆਂ ਦੀ ਸੁਰੱਖਿਆ ਲਈ ਸੁਰੱਖਿਅਤ ਰੂਟ ਚੁਣ ਰਹੇ ਹਾਂ। ਸਪਾਈਸਜੈੱਟ ਨੇ ਕਿਹਾ ਹੈ ਕਿ ਮੱਧ ਪੂਰਬ ਦੇ ਹਵਾਈ ਖੇਤਰ ਦੇ ਬੰਦ ਹੋਣ ਕਾਰਨ ਕੁਝ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਹਨ। ਇਸੇ ਤਰ੍ਹਾਂ ਅਕਾਸਾ ਏਅਰ ਨੇ ਕਿਹਾ ਹੈ ਕਿ ਮੌਜੂਦਾ ਸਥਿਤੀ ਕਾਰਨ, ਮੱਧ ਪੂਰਬ ਜਾਣ ਤੇ ਆਉਣ ਵਾਲੀਆਂ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਹਨ।

## ਸ਼ਰੇਆਮ ਗੁੰਡਾਗਰਦੀ: ਐਸ.ਡੀ.ਐਮ.ਨੂੰ ਥੱਪੜ, ਕਾਂਸਟੇਬਲ ਨੂੰ ਮਾਰੇ ਡੰਡੇ... ! ਭਾਜਪਾ ਵਿਧਾਇਕ ਤੇ ਉਸ ਦੇ ਸਮਰਥਕਾਂ ਖ਼ਿਲਾਫ਼ ਮਾਮਲਾ ਦਰਜ

**ਲਖਨਊ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ਵਿੱਚ ਇੱਕ ਹੈਰਾਨ



ਕਰਨ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਭਾਜਪਾ ਦੇ ਸਦਰ ਵਿਧਾਇਕ ਪ੍ਰਕਾਸ਼ ਦਿਵੇਦੀ ਅਤੇ ਉਨ੍ਹਾਂ ਦੇ ਸਮਰਥਕਾਂ ’ਤੇ ਨਾਰਾਇਣੀ ਦੇ ਐੱਸਡੀਐੱਮ ਅਮਿਤ ਸ਼ੁਕਲਾ ਅਤੇ ਪੁਲਸ ਮੁਲਾਜ਼ਮਾਂ ’ਤੇ ਹਮਲਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਇਹ ਵਿਵਾਦ ਉਸ ਸਮੇਂ ਸ਼ੁਰੂ ਹੋਇਆ, ਜਦੋਂ ਐੱਸਡੀਐੱਮ ਨੇ ਗੈਰ-ਕਾਨੂੰਨੀ ਰੇਤ ਲੈ ਕੇ ਜਾ ਰਹੇ ਦੋ ਓਵਰਲੋਡ ਟਰੱਕਾਂ ਨੂੰ ਜ਼ਬਤ ਕਰ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਸੋਮਵਾਰ ਦੇਰ ਰਾਤ ਵਾਪਰੀ ਹੈ। ਐੱਸਡੀਐੱਮ ਅਮਿਤ ਸ਼ੁਕਲਾ ਜਦੋਂ ਖੁਰਹੰਡ ਪੁਲਸ ਸਟੇਸ਼ਨ ਇਲਾਕੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਸਮੱਗਰੀ ਨਾਲ ਭਰੇ 2 ਓਵਰਲੋਡ ਟਰੱਕਾਂ ਨੂੰ ਜ਼ਬਤ ਕਰਨ ਪਹੁੰਚੇ ਤਾਂ ਵਿਵਾਦ ਸ਼ੁਰੂ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਟਰੱਕਾਂ ਨੂੰ ਛੱਡਣ ਲਈ ਵਿਧਾਇਕ ਪ੍ਰਕਾਸ਼ ਦਿਵੇਦੀ ਨੇ ਪਹਿਲਾਂ ਐੱਸਡੀਐੱਮ ਨੂੰ ਫ਼ੋਨ ਕੀਤਾ ਅਤੇ ਉਨ੍ਹਾਂ ’ਤੇ ਦਬਾਅ ਪਾਇਆ। ਪਰ ਜਦੋਂ ਐੱਸਡੀਐੱਮ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਤਾਂ ਵਿਧਾਇਕ ਆਪਣੇ ਸਮਰਥਕਾਂ ਨਾਲ ਮੌਕੇ ’ਤੇ ਪਹੁੰਚ ਗਏ। ਚੌਕੀ ’ਤੇ ਵਿਧਾਇਕ ਅਤੇ ਐੱਸਡੀਐੱਮ ਵਿਚਕਾਰ ਪਹਿਲਾ ਤਾਂ ਗਰਮਾ-ਗਰਮ ਬਹਿਸ ਹੋਈ, ਜੋ ਜਲਦੀ ਹੀ ਹਿੰਸਕ ਝੜਪ ਵਿੱਚ ਬਦਲ ਗਈ। ਦੋਸ਼ ਹੈ ਕਿ ਵਿਧਾਇਕ ਨੇ ਐੱਸਡੀਐੱਮ ਨੂੰ ਥੱਪੜ ਮਾਰਿਆ ਅਤੇ ਉਸਦੇ ਸਮਰਥਕਾਂ ਨੇ ਉਸ ਦੀ ਡੰਡਿਆਂ ਨਾਲ ਕੁੱਟਮਾਰ ਕੀਤੀ। ਇਸ ਝੜਪ ਦੌਰਾਨ ਚੌਕੀ ਦੇ ਕਾਂਸਟੇਬਲ ਅਤੇ ਐੱਸਡੀਐੱਮ ਦੇ ਡਰਾਈਵਰ ਜੋ ਦਖਲ ਦੇਣ ਆਏ ਸਨ, ਨੂੰ ਵੀ ਕੁੱਟਿਆ ਗਿਆ। ਇਸ ਪੂਰੇ ਮਾਮਲੇ ਵਿੱਚ ਐੱਸਡੀਐੱਮ ਦੇ ਡਰਾਈਵਰ ਦੀ ਸ਼ਿਕਾਇਤ ਦੇ ਆਧਾਰ ’ਤੇ ਵਿਧਾਇਕ ਪ੍ਰਕਾਸ਼ ਦਿਵੇਦੀ, ਉਨ੍ਹਾਂ ਦੇ ਤਿੰਨ ਸਮਰਥਕਾਂ ਅਤੇ 25-30 ਅਣਪਛਾਤੇ ਲੋਕਾਂ ਵਿਰੁੱਧ ਐਫਆਈਆਰ ਦਰਜ ਕੀਤੀ ਗਈ। ਉਨ੍ਹਾਂ ਵਿਰੁੱਧ ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣ, ਹਮਲਾ ਕਰਨ ਅਤੇ ਧੱਕੇਸ਼ਾਹੀ ਵਰਗੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਤੋਂ ਬਾਅਦ ਪੁਲਸ ਨੇ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਘਟਨਾ ਵਾਲੀ ਥਾਂ ਦੇ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਇਸ ਘਟਨਾ ਤੋਂ ਬਾਅਦ ਰਾਜਨੀਤਿਕ ਮਾਹੌਲ ਗਰਮਾ ਗਿਆ ਹੈ। ਸਮਾਜਵਾਦੀ ਪਾਰਟੀ ਨੇ ਇਸ ਘਟਨਾ ਨੂੰ ’ਭਾਜਪਾ ਦੀ ਗੁੰਡਾਗਰਦੀ’ ਦੱਸਿਆ ਅਤੇ ਵਿਧਾਇਕ ’ਤੇ ਗੈਰ-ਕਾਨੂੰਨੀ ਮਾਈਨਿੰਗ ਮਾਫੀਆ ਨਾਲ ਸਬੰਧ ਹੋਣ ਦਾ ਦੋਸ਼ ਲਗਾਇਆ। ਕਾਂਗਰਸ ਨੇ ਵੀ ਸਖ਼ਤ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਇਹ ਲੋਕਤੰਤਰ ਦਾ ਅਪਮਾਨ ਹੈ ਅਤੇ ਵਿਧਾਇਕ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਪ੍ਰਕਾਸ਼ ਦਿਵੇਦੀ ਬੰਦਾ ਸਦਰ ਸੀਟ ਤੋਂ ਭਾਜਪਾ ਵਿਧਾਇਕ ਹਨ। ਉਨ੍ਹਾਂ ਨੇ 2017 ਵਿੱਚ ਪਹਿਲੀ ਵਾਰ ਚੋਣ ਜਿੱਤੀ ਅਤੇ 2022 ਵਿੱਚ ਸਪਾ ਦੀ ਮੰਜੁਲਾ ਸਿੰਘ ਨੂੰ ਹਰਾ ਕੇ ਦੁਬਾਰਾ ਵਿਧਾਇਕ ਬਣੇ। ਉਹ ਆਪਣੇ ਜਨਤਾ ਦਰਬਾਰ ਅਤੇ ਆਮ ਲੋਕਾਂ ਨਾਲ ਆਪਣੇ ਸਬੰਧਾਂ ਲਈ ਜਾਣੇ ਜਾਂਦੇ ਹਨ। ਹਾਲਾਂਕਿ, ਉਨ੍ਹਾਂ ਵਿਰੁੱਧ ਪਹਿਲਾਂ ਹੀ ਇੱਕ ਅਪਰਾਧਿਕ ਮਾਮਲਾ ਦਰਜ ਹੈ। ਹੁਣ ਇਸ ਤਾਜ਼ਾ ਵਿਵਾਦ ਨੇ ਉਨ੍ਹਾਂ ਦੇ ਅਕਸ ਨੂੰ ਵੱਡਾ ਝਟਕਾ ਦਿੱਤਾ ਹੈ।

## ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਇੰਚਾਰਜ ਕਰਤਾਰ ਸਿੰਘ ਰਹੱਸਮਈ ਹਾਲਾਤਾਂ ’ਚ ਲਾਪਤਾ ! ਪਰਿਵਾਰ ਨੇ ਜਤਾਇਆ ਕਤਲ ਦਾ ਸ਼ੱਕ



**ਅੰਮ੍ਰਿਤਸਰ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਕਰਤਾਰ ਸਿੰਘ ਦੇ ਰਹੱਸਮਈ ਹਾਲਾਤਾਂ ਵਿੱਚ ਲਾਪਤਾ ਹੋਣ ਦੀ ਖ਼ਬਰ ਹੈ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਅਤੇ ਪਰਿਵਾਰ ਨੇ ਕਰਤਾਰ ਸਿੰਘ ਨੂੰ ਕਤਲ ਕੀਤੇ ਜਾਣ ਦਾ ਸ਼ੱਕ ਪ੍ਰਗਟਾਇਆ ਹੈ। ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਕਰਤਾਰ ਸਿੰਘ ਦੇ ਰਹੱਸਮਈ ਹਾਲਾਤਾਂ ਵਿੱਚ ਲਾਪਤਾ ਹੋਣ ਤੋਂ ਬਾਅਦ, ਸ਼੍ਰੋਮਣੀ ਕਮੇਟੀ ਅਤੇ ਕਰਤਾਰ ਸਿੰਘ ਦੀਆਂ ਭੈਣਾਂ ਨੇ ਉਸਦੇ ਕਤਲ ਦਾ ਸ਼ੱਕ ਪ੍ਰਗਟਾਇਆ ਹੈ। ਵਿਜੇ ਸਿੰਘ, ਸਕੱਤਰ ਐਸਜੀਪੀਸੀ ਨੇ ਕਿਹਾ ਕਿ ਕਰਤਾਰ ਪਿਛਲੇ ਦੋ ਦਿਨਾਂ ਤੋਂ ਲਾਪਤਾ ਹੈ, ਜਦੋਂ ਕਿ ਸੁਲਤਾਨਵਿੰਡ ਨਹਿਰ ਦੇ ਕੰਢੇ ਉਸਦੀ ਐਕਟਿਵਾ ਮਿਲੀ ਹੈ, ਜਿਸ ਤੋਂ ਬਾਅਦ ਇਹ ਸ਼ੱਕ ਕੀਤਾ ਜਾ ਰਿਹਾ ਹੈ ਕਿ ਉਸਦਾ ਕਤਲ ਕਰਕੇ ਨਹਿਰ ਵਿੱਚ ਸੁੱਟ ਦਿੱਤਾ ਗਿਆ ਹੈ।

**ਭੈਣ ਨੇ ਕਰਤਾਰ ਸਿੰਘ ਦੀ ਪਤਨੀ ਤੇ ਧੀ ’ਤੇ ਲਾਏ ਇਲਜ਼ਾਮ**

ਕਰਤਾਰ ਸਿੰਘ ਦੀ ਭੈਣ ਨੇ ਦੱਸਿਆ ਕਿ ਕਰਤਾਰ ਸਿੰਘ ਦੀ ਪਤਨੀ ਅਤੇ ਭਰਜਾਈ ਉਸਨੂੰ ਤੰਗ-ਪ੍ਰੇਸ਼ਾਨ ਕਰਦੀਆਂ ਸਨ ਅਤੇ ਜਿਸ ਰਾਤ ਉਹ ਗਾਇਬ ਹੋਇਆ ਸੀ ਉਸ ਰਾਤ ਉਸਦੀ ਕੁੱਟਮਾਰ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਕਰਤਾਰ ਦੀ ਪਤਨੀ ਅਤੇ ਧੀ ਕੁਝ ਦਿਨ ਪਹਿਲਾਂ ਆਸਟ੍ਰੇਲੀਆ ਤੋਂ ਵਾਪਸ ਆਈਆਂ ਸਨ, ਜਦਕਿ ਕਰਤਾਰ ਸਿੰਘ ਪਹਿਲਾਂ ਵੀ ਦੱਸਦਾ ਸੀ ਕਿ ਉਸਨੂੰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਸੀ। ਕਰਤਾਰ ਸਿੰਘ ਪਿਛਲੇ ਦੋ ਦਿਨਾਂ ਤੋਂ ਲਾਪਤਾ ਹੋਣ ਕਾਰਨ, ਅੱਜ ਸਾਰੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਇਸ ਸਬੰਧੀ ਬੀ-ਡਿਵੀਜ਼ਨ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਮੁਲਜ਼ਮਾਂ ਵਿਰੁੱਧ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਦੂਜੇ ਪਾਸੇ, ਐਸਐਚਓ ਸੁਖਬੀਰ ਸਿੰਘ ਦਾ ਕਹਿਣਾ ਹੈ ਕਿ ਸ਼ਿਕਾਇਤ ਮਿਲਣ ਤੋਂ ਬਾਅਦ, ਉਨ੍ਹਾਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ, ਕਿਉਂਕਿ ਕਰਤਾਰ ਸਿੰਘ ਦੀ ਐਕਟਿਵਾ ਨਹਿਰ ਦੇ ਨੇੜੇ ਮਿਲੀ ਸੀ, ਇਸ ਲਈ ਨਹਿਰ ਵਿੱਚ ਵੀ ਉਸਦੀ ਭਾਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

## ਪਾਕਿਸਤਾਨ ਦੇ ਹੱਕ ’ਚ ਭੁਗਤੇ ਤੁਰਕੀ ’ਚ ਇਕੱਠੇ ਹੋਏ 57 ਮੁਸਲਿਮ ਦੇਸ਼ , ਸਿੰਧੂ ਜਲ ਸਮਝੌਤਾ ਲਾਗੂ ਕਰਨ ਤੇ ਕਸ਼ਮੀਰ ਦੇ ਮੁੱਦੇ ’ਤੇ ਭਾਰਤ ਨੂੰ ਦਿੱਤੀ ‘ਧਮਕੀ’ ?

**ਇਸਤਾਂਬੁਲ (ਤੁਰਕੀਏ), 24 ਜੂਨ (ਆਵਾਜ਼ਿ ਕੌਮ ਬਿਊਰੋ)**-ਤੁਰਕੀ ਦੇ ਇਸਤਾਂਬੁਲ ਵਿੱਚ ਹੋਈ ਇਸਲਾਮਿਕ ਸਹਿਯੋਗ ਸੰਗਠਨ (OIC) ਦੀ ਦੋ-ਰੋਜ਼ਾ ਮੀਟਿੰਗ ਇੱਕ ਵਾਰ ਫਿਰ ਪਾਕਿਸਤਾਨ ਦੀ ਪੱਖਪਾਤੀ ਕੂਟਨੀਤੀ ਦਾ ਮੰਚ ਬਣ ਗਈ। 57 ਮੁਸਲਿਮ ਦੇਸ਼ਾਂ ਦੇ ਸੰਗਠਨ OIC ਦੇ ਵਿਦੇਸ਼ ਮੰਤਰੀਆਂ ਦੀ ਪ੍ਰੀਸ਼ਦ ਨੇ ਆਪਣੇ ਸਾਂਝੇ ਬਿਆਨ ਵਿੱਚ, ਇੱਕ ਪਾਸੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੰਧੂ ਜਲ ਸੰਧੀ ਨੂੰ ਜਾਰੀ ਰੱਖਣ ਦੀ ਗੱਲ ਕੀਤੀ, ਜਦੋਂ ਕਿ ਦੂਜੇ ਪਾਸੇ ਭਾਰਤ ਦੀ ਫੌਜੀ ਕਾਰਵਾਈ ਅਤੇ ਕਸ਼ਮੀਰ ਨੀਤੀ ’ਤੇ ਇੱਕਪਾਸੜ ਟਿੱਪਣੀਆਂ ਵੀ ਕੀਤੀਆਂ। ਆਪਣੇ ਸਾਂਝੇ ਬਿਆਨ ਵਿੱਚ ਸਪੱਸ਼ਟ ਕੀਤਾ ਕਿ ਉਹ ਪਾਕਿਸਤਾਨ ਦੇ ਸਟੈਂਡ ਦਾ ਪੂਰਾ ਸਮਰਥਨ ਕਰਦਾ ਹੈ ਤੇ ਭਾਰਤ ਤੋਂ ਵੱਧ ਤੋਂ ਵੱਧ ਸੰਜਮ ਵਰਤਣ ਦੀ ਉਮੀਦ ਕਰਦਾ ਹੈ। ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਇੱਕ ਰਸਮੀ ਬਿਆਨ ਵਿੱਚ, OIC ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਦੋਵਾਂ ਧਿਰਾਂ ਨੂੰ ਸਾਲ 1960 ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਦਸਤਖਤ ਕੀਤੇ ਸਿੰਧੂ ਜਲ ਸੰਧੀ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ। ਬਿਆਨ ਵਿੱਚ ਕਿਹਾ ਗਿਆ ਹੈ, “ਇਸ ਇਤਿਹਾਸਕ ਸਮਝੌਤੇ ਨੂੰ ਕਿਸੇ ਵੀ ਹਾਲਤ ਵਿੱਚ ਨਹੀਂ ਤੋੜਿਆ ਜਾਣਾ ਚਾਹੀਦਾ। ਦੋਵਾਂ ਧਿਰਾਂ ਨੂੰ ਇਸਨੂੰ ਲਾਗੂ ਕਰਨਾ ਜਾਰੀ ਰੱਖਣਾ ਚਾਹੀਦਾ ਹੈ।” ਇਹ ਟਿੱਪਣੀ ਉਸ ਸਮੇਂ ਆਈ ਹੈ ਜਦੋਂ ਭਾਰਤ ਨੇ 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸਿੰਧੂ ਸੰਧੀ ’ਤੇ ਆਪਣਾ ਸਟੈਂਡ ਸਖ਼ਤ ਕਰ ਲਿਆ ਸੀ ਅਤੇ ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਰੋਕਣ ਦਾ ਸੰਕੇਤ ਦਿੱਤਾ ਸੀ। ਪਾਕਿਸਤਾਨ ਨੇ ਇਸ ’ਤੇ ਸਖ਼ਤ ਇਤਰਾਜ਼ ਜਤਾਇਆ ਸੀ ਅਤੇ ਜੰਗ ਦੀ ਧਮਕੀ ਦਿੱਤੀ ਸੀ। ਇਸ ਮੁੱਦੇ ’ਤੇ ਦੋਵਾਂ ਦੇਸ਼ਾਂ ਵਿਚਕਾਰ ਤਿੰਨ ਮਹੀਨਿਆਂ ਤੋਂ ਟਕਰਾਅ ਚੱਲ ਰਿਹਾ ਹੈ। OIC ਦੇ ਸੀਐਫਐਮ ਨੇ ਇੱਕ ਬਿਆਨ ਵਿੱਚ ਕਿਹਾ, “ਅਸੀਂ ਦੱਖਣੀ ਏਸ਼ੀਆ ਵਿੱਚ ਵਧਦੀਆਂ ਫੌਜੀ ਗਤੀਵਿਧੀਆਂ ਬਾਰੇ ਡੂੰਘੀ ਚਿੰਤਤ ਹਾਂ। ਪਾਕਿਸਤਾਨ ਵਿੱਚ ਕਈ ਥਾਵਾਂ ’ਤੇ ਭਾਰਤ ਵੱਲੋਂ ਫੌਜੀ ਹਮਲੇ ਖੇਤਰੀ ਅਸਥਿਰਤਾ ਨੂੰ ਵਧਾ ਸਕਦੇ ਹਨ।” ਓਆਈਸੀ ਨੇ ਦੋਵਾਂ ਧਿਰਾਂ ਨੂੰ ਭੜਕਾਊ ਕਾਰਵਾਈਆਂ ਤੋਂ ਬਚਣ ਅਤੇ ਵੱਧ ਤੋਂ ਵੱਧ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਇਹ ਸਪੱਸ਼ਟ ਤੌਰ ’ਤੇ ਭਾਰਤ ਵੱਲ ਇਸ਼ਾਰਾ ਕੀਤਾ ਗਿਆ ਸੰਕੇਤ ਹੈ, ਕਿਉਂਕਿ ਪਾਕਿਸਤਾਨ ਓਆਈਸੀ ਦਾ ਸਥਾਈ ਮੈਂਬਰ ਹੈ ਤੇ ਇਸਨੂੰ ਲੰਬੇ ਸਮੇਂ ਤੋਂ ਭਾਰਤ ਵਿਰੁੱਧ ਕੂਟਨੀਤਕ ਹਥਿਆਰ ਵਜੋਂ ਵਰਤ ਰਿਹਾ ਹੈ। ਇਸ OIC ਮੀਟਿੰਗ ਵਿੱਚ ਭਾਰਤ ਲਈ ਚਿੰਤਾ ਦਾ ਇੱਕ ਹੋਰ ਵਿਸ਼ਾ ਇਹ ਸੀ ਕਿ ਸੰਗਠਨ ਨੇ ਕਸ਼ਮੀਰ ਮੁੱਦੇ ’ਤੇ ਪਾਕਿਸਤਾਨ ਦੇ ਸਟੈਂਡ ਨੂੰ ਪੂਰੀ ਤਰ੍ਹਾਂ ਦੁਹਰਾਇਆ। ਬਿਆਨ ਵਿੱਚ ਕਿਹਾ ਗਿਆ ਹੈ, “ਅਸੀਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤਿਆਂ, OIC ਦੇ ਰੁਖ਼ ਅਤੇ ਕਸ਼ਮੀਰੀ ਲੋਕਾਂ ਦੀਆਂ ਇੱਛਾਵਾਂ ਦੇ ਅਨੁਸਾਰ, ਕਸ਼ਮੀਰ ਦੇ ਲੋਕਾਂ ਦੇ ਸਵੈ-ਨਿਰਣੇ ਦੇ ਅਧਿਕਾਰ ਦਾ ਸਮਰਥਨ ਕਰਦੇ ਹਾਂ।”




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net

---

ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ / Naam Japo
ਕਿਰਤ ਕਰੋ / Kirat Karo
ਵੰਡ ਛਕੋ / Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net

---

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---

ਦੇਗ ਤੇਗ ਫ਼ਤਿਹ - ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# 29ਵਾਂ ਸਲਾਨਾ ਜੋੜ ਮੇਲਾ
# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

**1 ਨਵੰਬਰ 2025, ਦਿਨ ਸ਼ਨੀਵਾਰ ਨੂੰ**
**ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ**
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ
**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ**
ਦਮਦਮੀ ਟਕਸਾਲ ਭਿੰਡਰਾਂ ਵਾਲੇ

ਸੰਪਰਕ ਨੰਬਰ
98141-27470
84278-66404
73408-35137

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿੰਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV


DAMDAMI TAKSAL
AMRIT SANCHAARS
JUNE/JULY 2025
ਆਵਾਜ਼ਿ ਕੌਮ AWAZE QAUM
International Newspaper & WEB TV
SMETHWICK
SATURDAY 28TH JUNE | 11AM
GNG SMETHWICK, 130 HIGH ST, SMETHWICK, B66 3AP
EAST LONDON
SATURDAY 5TH JULY | 1PM
SRI GURU SINGH SABHA, 2-8 PARK AVE, SOUTHALL, UB1 3AG
SOUTHALL
SUNDAY 20TH JULY | 1PM
SRI GURU SINGH SABHA, 2-8 PARK AVE, SOUTHALL, UB1 3AG
CONTACT 07940 270 120 FOR MORE DETAILS
DAMDAMI TAKSAL JATHA UK & EUROPE


DAMDAMI TAKSAL
JATHA (UK & EUROPE)
ਅੰਮ੍ਰਿਤ ਸੰਚਾਰ
AMRIT SANCHAR
SOUTHALL
ਆਵਾਜ਼ਿ ਕੌਮ AWAZE QAUM
International Newspaper & WEB TV
SUNDAY 20TH JULY | 1PM
SRI GURU SINGH SABHA SOUTHALL
2-8 PARK AVE | SOUTHALL | UB1 3AG
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS


DAMDAMI TAKSAL
ਅੰਮ੍ਰਿਤ ਸੰਚਾਰ
AMRIT SANCHAR
WEST MIDLANDS
ਆਵਾਜ਼ਿ ਕੌਮ
AWAZE QAUM
International Newspaper & WEB TV
SATURDAY 28TH JUNE | 11AM
GURU NANAK GURDWARA SMETHWICK
130 HIGH ST | SMETHWICK | B66 3AP
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS



DAMDAMI TAKSAL
ਅੰਮ੍ਰਿਤ ਸੰਚਾਰ
AMRIT SANCHAR
EAST LONDON
ਆਵਾਜ਼ਿ ਕੌਮ AWAZE QAUM International Newspaper & WEB TV
SATURDAY 5TH JULY | 1PM
ATAM ACADEMY
LITTLE HEATH | BARLEY LN | ROMFORD | RM6 4XX
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS




### ਪਿੰਡ ਹਰਿਆਊ ਵਿਖੇ ਪੰਜਾਬ ਪੁਲਿਸ ਦੁਬਾਰਾ ਚਲਾਏ

# 'ਸੰਪਰਕ ਪ੍ਰੋਗਰਾਮ' ਤਹਿਤ ਮੀਟਿੰਗ ਦਾ ਆਯੋਜਨ

**ਲਹਿਰਾਗਾਗਾ ( ਰਣਜੀਤ ਸਿੰਘ ਪੇਧਨੀ )**-ਪਿੰਡ ਹਰਿਆਊ ਵਿਖੇ ਪੰਜਾਬ ਪੁਲਿਸ ਦੁਬਾਰਾ ਚਲਾਏ ਗਏ ਸੰਪਰਕ ਪ੍ਰੋਗਰਾਮ ਤਹਿਤ ਮੀਟਿੰਗ ਕੀਤੀ ਗਈ, ਇਸ ਮੀਟਿੰਗ ਵਿੱਚ ਸ੍ਰੀ ਨਵਰੀਤ ਵਿਰਕ ਪੀ.ਪੀ.ਐਸ. ਕਪਤਾਨ ਪੁਲਿਸ ਪੀ.ਬੀ.ਆਈ. ਸੰਗਰੂਰ, ਸ੍ਰੀ ਦੀਪਇੰਦਰਪਾਲ ਸਿੰਘ ਜੇਜੀ ਪੀ.ਪੀ.ਐਸ. ਉਪ ਕਪਤਾਨ ਪੁਲਿਸ, ਸਬ ਡਵੀਜਨ ਲਹਿਰਾ, ਥਾਣੇਦਾਰ ਕਰਮਜੀਤ ਸਿੰਘ ਮੁੱਖ ਅਫਸਰ ਥਾਣਾ ਲਹਿਰਾ ਵਿਲੇਜ ਡਿਫੈਂਸ਼ ਕਮੇਟੀ ਮੈਂਬਰ, ਪਿੰਡ ਦੀ ਪੰਚਾਇਤ ਅਤੇ ਪਿੰਡ ਦੇ ਨੋਜਵਾਨ ਇਕੱਠੇ ਹੋਏ।

## ਪਿੰਡ ਦੇ ਲੋਕਾ ਵੱਲੋ ਕਿਸੇ ਵੀ ਨਸ਼ਾ ਤਸਕਰ ਦੀ ਜਮਾਨਤ ਨਾ ਦੇਣ ਦਾ ਭਰੋਸਾ

ਮੀਟਿੰਗ ਵਿੱਚ ਪਿੰਡ ਹਰਿਆਊ ਵਿਖੇ ਨਸਿਆ ਦੇ ਕਾਰੋਬਾਰ ਖਿਲਾਫ ਪੁਲਿਸ ਵੱਲੋ ਕੀਤੀ ਗਈ ਕਾਰਵਾਈ ਅਤੇ ਨੌਜਵਾਨੀ ਨੂੰ ਨਸਿਆ ਤੋ ਛੁਡਵਾਉਣ ਸਬੰਧੀ ਵਿਚਾਰ ਵਟਾਦਰਾ ਹੋਇਆ। ਪਿੰਡ ਦੇ ਲੋਕਾ ਅਤੇ ਪੰਚਾਇਤ ਨੇ ਪੁਲਿਸ ਦੀ ਕਾਰਵਾਈ ਉੱਤੇ ਸੰਤੁਸਟੀ ਜਾਹਰ ਕੀਤੀ ਗਈ। ਪੰਜਾਬ ਸਰਕਾਰ ਦੇ ਨਸਿਆ ਵਿਰੁੱਧ ਪ੍ਰੋਗਰਾਮ ਨਾਲ ਸਹਿਮਤੀ ਪ੍ਰਗਟਾਉਦੇ ਹੋਏ, ਪਿੰਡ ਦੇ ਲੋਕਾ ਵੱਲੋ ਕਿਸੇ ਵੀ ਨਸ਼ਾ ਤਸਕਰ ਦੀ ਜਮਾਨਤ ਨਾ ਦੇਣ ਦੀ ਗੱਲ ਕਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਮੀਟਿੰਗ ਦੌਰਾਨ ਪਿੰਡ ਦੇ ਲੋਕਾ ਵੱਲੋ ਪੰਜਾਬ ਸਰਕਾਰ ਦੁਆਰਾ ਚਲਾਏ ਜਾ ਰਹੇ "ਯੁੱਧ ਨਸਿਆ ਵਿਰੁੱਧ" ਮੁਹਿੰਮ ਦੀ ਸਲਾਘਾ ਕਰਦੇ ਹੋਏ ਕਿਹਾ ਗਿਆ ਕਿ ਉਹਨਾ ਦੇ ਪਿੰਡ ਵਿੱਚ ਪੰਜਾਬ ਪੁਲਿਸ ਵੱਲੋ ਨਸੇ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆ ਖਿਲਾਫ ਕੀਤੀ ਗਈ ਕਾਰਵਾਈ ਤੋ ਸਾਰਾ ਹੀ ਪਿੰਡ ਬਹੁਤ ਸੰਤੁਸਟ ਹੈ। ਪਿੰਡ ਦੇ ਲੋਕ ਸਰਕਾਰ ਅਤੇ ਪੰਜਾਬ ਪੁਲਿਸ ਦਾ ਅੱਗੇ ਵੀ ਸਹਿਯੋਗ ਕਰਦੇ ਰਹਿਣਗੇ। ਸ੍ਰੀ ਨਵਰੀਤ ਵਿਰਕ ਪੀ.ਪੀ.ਐਸ. ਕਪਤਾਨ ਪੁਲਿਸ ਪੀ.ਬੀ.ਆਈ. ਸੰਗਰੂਰ ਵੱਲੋ ਮੀਟਿੰਗ ਵਿੱਚ ਮੌਜੂਦ ਨੋਜਵਾਨਾ ਨੂੰ ਪੜਾਈ ਲਿਖਾਈ ਅਤੇ ਖੇਡਾ ਪ੍ਰਤੀ ਜਾਗੂਰਕ ਕੀਤਾ ਗਿਆ। ਹਾਜਰ ਆਏ ਮਾਪਿਆ ਨੂੰ ਜਾਗਰੂਕ ਕੀਤਾ ਗਿਆ ਕਿ ਉਹ ਆਪਣੇ ਬੱਚਿਆ ਪਰ ਖਾਸ ਨਿਗ੍ਹਾ ਰੱਖਣ ਜੇਕਰ ਉਹਨਾ ਦੇ ਵਿਵਹਾਰ ਵਿੱਚ ਕੋਈ ਤਬਦੀਲੀ ਆਉਂਦੀ ਹੈ ਤਾਂ ਉਸ ਵੱਲ ਖਾਸ ਧਿਆਨ ਦੇਣ ਦੀ ਜਰੂਰਤ ਹੈ।





## ਮਾਲਵਾ ਤਰਨਾ ਦਲ ਸ਼ਹੀਦ ਬਾਬਾ ਸੰਗਤ ਸਿੰਘ ਦੇ ਸਵਰਗੀ ਮੁੱਖੀ ਜਥੇਦਾਰ ਲਾਲ ਸਿੰਘ ਦੀ ਤੀਜੀ ਬਰਸੀ ਗੁਰਦੁਆਰਾ ਵਿਵੇਕਸਰ ਸਾਹਿਬ ਫੂਲ ਬਠਿੰਡਾ ਵਿਖੇ 26 ਜੂਨ ਨੂੰ ਮਨਾਈ ਜਾਵੇਗੀ : ਜਥੇਦਾਰ ਸੁਖਪਾਲ ਸਿੰਘ ਫੂਲ

**ਜੰਡਿਆਲਾ ਗੁਰੂ, 24 ਜੂਨ ( ਕੁਲਵੰਤ ਸਿੰਘ ਵਿਰਦੀ )**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਲਵਾ ਤਰਨਾ ਦਲ ਸ਼ਹੀਦ ਬਾਬਾ ਸੰਗਤ ਸਿੰਘ ਦੇ ਸਵਰਗੀ ਮੁੱਖੀ ਜਥੇਦਾਰ ਬਾਬਾ ਲਾਲ ਸਿੰਘ ਦੀ ਤੀਜੀ ਬਰਸੀ ਗੁਰਦੁਆਰਾ ਵਿਵੇਕਸਰ ਸਾਹਿਬ ਭਾਈ ਰੂਪਾ ਰੋਡ ਰਾਮਪੁਰਾ ਫੂਲ ਬਠਿੰਡਾ ਵਿਖੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਅਤੇ ਮਜੌਦਾ ਮਾਲਵਾ ਤਰਨਾ ਦਲ ਮੁਖੀ ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਬਠਿੰਡਾ ਦੀ ਦੇਖ ਰੇਖ ਦੇ ਨਾਲ ਨਾਲ ਸਮੂਹ ਸੰਗਤਾਂ ਦੇ ਭਰਵੇਂ ਸਹਿਯੋਗ ਨਾਲ 24 ਜੂਨ ਤੋਂ 26 ਜੂਨ ਤੱਕ ਬਹੁਤ ਹੀ ਸ਼ਰਧਾ ਭਾਵਨਾਵਾਂ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਕੀਰਤਨ ਦਰਬਾਰ ਸਜਾਏ ਜਾਣਗੇ ਇਸ ਵਿੱਚ ਕੀਰਤਨੀ ਜਥਿਆਂ ਤੋਂ ਇਲਾਵਾ ਸੰਤ ਮਹਾਂਪੁਰਸ਼ ਤੇ ਅਕਾਲ ਪੁਰਖ ਦੀਆਂ ਲਾਡਲੀਆਂ ਨਿਹੰਗ ਸਿੰਘ ਫ਼ੌਜਾਂ ਵੀ ਹਾਜ਼ਰੀਆਂ ਭਰਨਗੀਆਂ, ਮੁੱਖ ਪ੍ਰਬੰਧਕ ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਨੇ ਸਮੂਹ ਸੰਗਤਾਂ ਨੂੰ ਕੀਰਤਨ ਦਰਬਾਰ ਦੀਆਂ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ ਹੈ, ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਉਹਨਾਂ ਦੱਸਿਆ ਬਰਸੀ ਸਮਾਗਮ ਸਬੰਧੀ ਗੁਰਦੁਆਰਾ ਵਿਵੇਕ ਸਰ ਸਾਹਿਬ ਭਾਈ ਰੂਪਾ ਰੋਡ ਰਾਮਪੁਰਾ ਫੂਲ ਬਠਿੰਡਾ ਵਿਖੇ 24 ਜੂਨ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਦੇ ਅਖੰਡ ਪਾਠ ਸਾਹਿਬ ਆਰੰਭ ਕਰ ਦਿੱਤੇ ਜਾਣਗੇ ਜਿਨ੍ਹਾਂ ਦੇ ਸੰਪੂਰਨ ਭੋਗ 26 ਜੂਨ ਨੂੰ ਪਾਉਣ ਤੋਂ ਉਪਰੰਤ ਕੀਰਤਨ ਦਰਬਾਰ ਦੀ ਅਰੰਭਤਾ ਹੋਏਗੀ, ਭਾਈ ਖਾਲਸਾ ਨੇ ਦੱਸਿਆ ਬਰਸੀ ਸਮਾਗਮ ਵਾਲੇ ਦਿਨ ਗੁਰਦੁਆਰਾ ਸਾਹਿਬ ਦੇ ਲੈਟਰ ਵੀ ਪਾਏਂ ਜਾਣਗੇ, ਸਮਾਗਮ ਵਿੱਚ ਵੱਖ ਵੱਖ ਧਾਰਮਿਕ ਸਿਆਸੀ ਸਮਾਜਿਕ ਆਗੂਆ ਦੇ ਨਾਲ ਨਾਲ ਅਕਾਲ ਪੁਰਖ ਦੀਆਂ ਲਾਡਲੀਆਂ ਨਿਹੰਗ ਸਿੰਘ ਫ਼ੌਜਾਂ ਤੇ ਕਈ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ ਵੀ ਬਰਸੀ ਸਮਾਗਮ 'ਚ ਹਾਜ਼ਰੀਆਂ ਲਵਾਉਣਗੇ, ਗੁਰੂ ਕੇ ਲੰਗਰ ਦੇਗਾਂ ਸਰਦਾਈਆ ਅਤੁੱਟ ਵਰਤਾਏ ਜਾਣਗੇ ਅਤੇ ਨਿਹੰਗ ਸਿੰਘ ਫ਼ੌਜਾਂ ਦੀ ਨਵੇਂ ਲਾਇਸੈਂਸ ਬਣਾਏ ਜਾਣਗੇ ਅਤੇ ਪੁਰਾਣੇ ਰਵਿਨਿਊ ਕੀਤੇ ਜਾਣਗੇ।



ਆਵਾਜ਼ਿ ਕੌਮ AWAZE QAUM International Newspaper & WEB TV



# ਮਨੁੱਖੀ ਸਿਹਤ ਵਿੱਚ ਖਣਿਜਾਂ ਦੀ ਜ਼ਰੂਰੀ ਭੂਮਿਕਾ



**ਸਿਹਤ** ਦੇ ਆਧਾਰ 'ਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਦੇ ਯਤਨ ਵਿੱਚ, ਖਣਿਜਾਂ ਚਾਹੇ ਉਹ ਮੈਕਰੋ ਹੋਣ ਜਾਂ ਮਾਈਕ੍ਰੋ ਦੀ ਮਹੱਤਤਾ ਨੂੰ ਘੱਟ ਨਹੀ ਕੀਤਾ ਜਾ ਸਕਦਾ। ਇਹ ਭੋਜਨ ਪਦਾਰਥ ਸਰੀਰ ਦੇ ਵੱਖ-ਵੱਖ ਕਾਰਜਾਂ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦੇ ਹਨ, ਹੱਡੀਆਂ ਦੀ ਕਠੋਰਤਾ ਨੂੰ ਬਣਾਈ ਰੱਖਣ ਤੋਂ ਲੈ ਕੇ ਮੈਟਾਬੋਲਿਕ ਪ੍ਰਕਿਰਿਆਵਾਂ ਨੂੰ ਸਮਰਥਨ ਦੇਣ ਤੱਕ। ਹੁਣ ਜਦੋਂ ਪੋਸ਼ਣ ਬਾਰੇ ਜਾਣਕਾਰੀ ਵਧਦੀ ਜਾ ਰਹੀ ਹੈ ਤਾਂ ਤਾਂ ਇਹ ਸਮਝਣਾ ਜਰੂਰੀ ਹੈ ਕਿ ਇਹ ਖਣਿਜ ਸਿਹਤ ਵਿੱਚ ਕਿਸ ਤਰ੍ਹਾਂ ਦੀ ਭੂਮਿਕਾ ਨਿਭਾਉਂਦੇ ਹਨ।

**ਖਣਿਜਾਂ ਨੂੰ ਸਮਝਣਾ**

ਖਣਿਜਾਂ ਅਜਿਹੇ ਅਕਾਰਬਨ ਪਦਾਰਥ ਹਨ ਜੋ ਸਰੀਰ ਨੂੰ ਸਹੀ ਤਰੀਕੇ ਨਾਲ ਕੰਮ ਕਰਨ ਲਈ ਜਰੂਰੀ ਹਨ। ਇਹਨਾਂ ਨੂੰ ਸਰੀਰ ਦੀ ਲੋੜ ਦੇ ਆਧਾਰ 'ਤੇ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ: ਮੈਕਰੋ ਖਣਿਜ ਅਤੇ ਮਾਈਕ੍ਰੋ ਖਣਿਜ (ਜਿਨ੍ਹਾਂ ਨੂੰ ਟਰੇਸ ਖਣਿਜ ਵੀ ਕਿਹਾ ਜਾਂਦਾ ਹੈ)।

**ਮੈਕਰੋ ਖਣਿਜ**: ਇਹਨਾਂ ਦੀ ਲੋੜ ਵੱਡੇ ਮਾਤਰਾ ਵਿੱਚ ਹੁੰਦੀ ਹੈ ਅਤੇ ਇਨ੍ਹਾਂ ਵਿੱਚ ਕੈਲਸ਼ੀਅਮ, ਮੈਗਨੀਸ਼ੀਅਮ, ਪੋਟਾਸੀਅਮ, ਸੋਡੀਅਮ, ਫਾਸਫੋਰਸ ਅਤੇ ਗੰਧਕ ਸ਼ਾਮਲ ਹਨ। ਹਰ ਇਕ ਖਣਿਜ ਦੀ ਆਪਣੀ ਵਿਲੱਖਣ ਭੂਮਿਕਾ ਹੁੰਦੀ ਹੈ।ਉਦਾਹਰਨ ਵਜੋਂ, ਕੈਲਸ਼ੀਅਮ ਹੱਡੀਆਂ ਦੀ ਸਿਹਤ ਲਈ ਮਹੱਤਵਪੂਰਕ ਹੈ, ਜਦੋਂ ਕਿ ਪੋਟਾਸ਼ੀਅਮ ਰਕਤ ਦਬਾਅ ਨੂੰ ਨਿਯੰਤ੍ਰਿਤ ਕਰਨ ਵਿੱਚ ਸਹਾਇਕ ਹੈ।

**ਮਾਈਕ੍ਰੋ ਖਣਿਜ**: ਇਨ੍ਹਾਂ ਦੀ ਲੋੜ ਛੋਟੀ ਮਾਤਰਾ ਵਿੱਚ ਹੁੰਦੀ ਹੈ, ਜਿਵੇਂ ਕਿ ਆਇਰਨ, ਜ਼ਿੰਕ, ਕਾਪਰ, ਸੇਲੇਨਿਅਮ, ਆਇਓਡਾਈਨ ਅਤੇ ਮੈਨਗਨੀਜ਼ । ਹਾਲਾਂਕਿ ਇਨ੍ਹਾਂ ਦੀ ਲੋੜ ਘੱਟ ਹੁੰਦੀ ਹੈ, ਪਰ ਇਹ ਵੀ ਮਨੁੱਖੀ ਸਿਹਤ ਲਈ ਬਹੁਤ ਜਰੂਰੀ ਹਨ।ਉਦਾਹਰਨ ਵਜੋਂ,ਆਇਰਨ ਰਕਤ ਵਿੱਚ ਆਕਸੀਜਨ ਦਾ ਆਵਾਜਾਈ ਕਰਨ ਲਈ ਲਾਜ਼ਮੀ ਹੈ, ਜਦੋਂ ਕਿ ਜ਼ਿੰਕ ਇਮੀਉਨ ਫੰਕਸ਼ਨ ਵਿੱਚ ਮਹੱਤਵਪੂਰਕ ਭੂਮਿਕਾ ਨਿਭਾਉਂਦਾ ਹੈ।

**ਮੈਕਰੋ ਖਣਿਜਾਂ ਦੀ ਮਹੱਤਤਾ**

1. **ਹੱਡੀਆਂ ਦੀ ਸਿਹਤ**: ਕੈਲਸ਼ੀਅਮ ਅਤੇ ਫਾਸਫੋਰਸ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤ ਰੱਖਣ ਵਿੱਚ ਖਾਸ ਭੂਮਿਕਾ ਨਿਭਾਉਂਦੇ ਹਨ। ਇਹਨਾਂ ਖਣਿਜਾਂ ਦੀ ਘਾਟ ਹੋਣ ਨਾਲ ਓਸਟਿਓਪੋਰੋਸਿਸ ਅਤੇ ਹੋਰ ਹੱਡੀਆਂ ਦੇ ਰੋਗ ਹੋ ਸਕਦੇ ਹਨ।
2. **ਇਲੈਕਟ੍ਰੋਲਾਈਟ ਬੈਲੈਂਸ**: ਸੋਡੀਅਮ ਅਤੇ ਪੋਟਾਸ਼ੀਅਮ ਰਕਤ ਵਿੱਚ ਪਾਣੀ ਦੇ ਬੈਲੈਂਸ ਅਤੇ ਸਹੀ ਨਰਵ ਫੰਕਸ਼ਨ ਨੂੰ ਬਣਾਈ ਰੱਖਣ ਲਈ ਮਹੱਤਵਪੂਰਕ ਹਨ। ਇਹ ਮਾਸਪੇਸ਼ੀਆਂ ਦੇ ਸੁੰਗੜਨ ਅਤੇ ਦਿਲ ਦੇ ਧੜਕਣਾਂ ਨੂੰ ਨਿਯੰਤ੍ਰਿਤ ਕਰਨ ਵਿੱਚ ਸਹਾਇਕ ਹਨ।
3. **ਮੇਟਾਬੋਲਿਕ ਫੰਕਸ਼ਨ**: ਮੈਗਨੀਸ਼ੀਅਮ ਸਰੀਰ ਵਿੱਚ 300 ਤੋਂ ਵੱਧ ਜੀਵ ਰਸਾਇਣਿਕ ਪ੍ਰਕਿਰਿਆਵਾਂ ਵਿੱਚ ਸ਼ਾਮਲ ਹੈ, ਜਿਸ ਵਿੱਚ ਉਰਜਾ ਉਤਪਾਦਨ, ਪ੍ਰੋਟੀਨ ਸੰਸ਼ਲੇਸ਼ਣ ਅਤੇ ਰਕਤ ਗਲੂਕੋਜ਼ ਦਾ ਨਿਯੰਤ੍ਰਣ ਸ਼ਾਮਲ ਹੈ।

**ਮਾਈਕ੍ਰੋ ਖਣਿਜਾਂ ਦੀ ਮਹੱਤਤਾ**

1. **ਇਮਿਊਨ ਸਮਰਥਨ**: ਜ਼ਿੰਕ ਇੱਕ ਮਜ਼ਬੂਤ ਇਮਿਊਨ ਸਿਸਟਮ ਲਈ ਮਹੱਤਵਪੂਰਕ ਹੈ। ਇਹ ਇਮਿਊਨ ਕੋਸ਼ਾਂ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ ਅਤੇ ਸਿਹਤ ਪ੍ਰਭਾਵ ਵਿੱਚ ਭੂਮਿਕਾ ਨਿਭਾਉਂਦਾ ਹੈ।
2. **ਆਕਸੀਜਨ ਦੀ ਆਵਾਜਾਈ**: ਆਇਰਨ ਹੈਮੋਗਲੋਬਿਨ ਦੇ ਬਣਨ ਲਈ ਜਰੂਰੀ ਹੈ, ਜੋ ਫੇਫੜਿਆਂ ਤੋਂ ਸਰੀਰ ਦੇ ਬਾਕੀ ਹਿੱਸਿਆਂ ਤੱਕ ਆਕਸੀਜਨ ਲੈ ਜਾਂਦਾ ਹੈ। ਆਇਰਨ ਦੀ ਘਾਟ ਨਾਲ ਐਨੀਮੀਆ ਹੋ ਸਕਦਾ ਹੈ, ਜਿਸ ਦੇ ਲੱਛਣ ਥੱਕਾਵਟ ਅਤੇ ਕਮਜ਼ੋਰੀ ਹੁੰਦੇ ਹਨ।
3. **ਥਾਇਰਾਇਡ ਫੰਕਸ਼ਨ**: ਆਇਓਡਾਈਨ ਥਾਇਰਾਇਡ ਹਾਰਮੋਨ ਦੇ ਉਤਪਾਦਨ ਲਈ ਜਰੂਰੀ ਹੈ, ਜੋ ਮੈਟਾਬੋਲਜ਼ਮ ਨੂੰ ਨਿਯੰਤ੍ਰਿਤ ਕਰਦੇ ਹਨ। ਆਇਓਡਾਈਨ ਦੀ ਘਾਟ ਨਾਲ ਥਾਇਰਾਇਡ ਨਾਲ ਸੰਬੰਧਿਤ ਰੋਗ ਹੋ ਸਕਦੇ ਹਨ।

**ਆਹਾਰ ਸਰੋਤ**

ਦੋਹਾਂ ਮੈਕਰੋ ਅਤੇ ਮਾਈਕ੍ਰੋ ਖਣਿਜਾਂ ਦੀ ਯੋਗਤਾ ਯਕੀਨੀ ਬਣਾਉਣ ਲਈ, ਫਲਾਂ, ਸਬਜ਼ੀਆਂ, ਪੂਰੇ ਅਨਾਜ, ਪੱਕੇ ਪ੍ਰੋਟੀਨ ਅਤੇ ਦੁੱਧ ਨਾਲ ਭਰਪੂਰ ਸੰਤੁਲਿਤ ਡਾਇਟ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

**ਮੈਕਰੋ ਖਣਿਜ**: ਦੁੱਧ ਦੇ ਉਤਪਾਦ (ਕੈਲਸ਼ੀਅਮ), ਕੇਲਾ (ਪੋਟਾਸੀਅਮ), ਨੱਟ (ਮੈਗਨੀਸ਼ੀਅਮ) ਅਤੇ ਮਾਸ (ਫਾਸਫੋਰਸ) ਚੰਗੇ ਸਰੋਤ ਹਨ।

**ਮਾਈਕ੍ਰੋ ਖਣਿਜ**: ਲਾਲ ਮਾਸ (ਆਇਰਨ), ਸਮੁੰਦਰ ਦੇ ਫ਼ਲ (ਜ਼ਿੰਕ), ਨੱਟ ਅਤੇ ਬੀਜ (ਸੇਲੇਨਿਅਮ) ਅਤੇ ਆਇਓਡਾਈਜ਼ਡ ਨਮਕ (ਆਇਓਡਾਈਨ) ਜਰੂਰੀ ਟਰੇਸ ਖਣਿਜ ਪ੍ਰਦਾਨ ਕਰਦੇ ਹਨ।

ਜਿਵੇਂ ਕਿ ਸਿਹਤ ਮਾਰ ਮਨੁੱਖੀ ਪੋਸ਼ਣ ਦੀ ਜਟਿਲਤਾ ਨੂੰ ਖੋਲ੍ਹਦੇ ਰਹਿੰਦੇ ਹਨ, ਇਹ ਬਹੁਤ ਹੀ ਸਪਸ਼ਟ ਹੋ ਜਾਂਦਾ ਹੈ ਕਿ ਮੈਕਰੋ ਅਤੇ ਮਾਈਕ੍ਰੋ ਖਣਿਜ ਦੋਹਾਂ ਮਨੁੱਖੀ ਸਿਹਤ ਨੂੰ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹਨ। ਇੱਕ ਵਿਆਪਕ ਡਾਇਟ ਜੋ ਵੱਖ-ਵੱਖ ਪੋਸ਼ਣ ਸਮੱਗਰੀ ਵਾਲੇ ਭੋਜਨਾਂ ਨੂੰ ਸ਼ਾਮਲ ਕਰਦੀ ਹੈ, ਲੋਕਾਂ ਨੂੰ ਆਪਣੇ ਖਣਿਜ ਦੀ ਲੋੜਾਂ ਨੂੰ ਪੂਰਾ ਕਰਨ ਅਤੇ ਕੁੱਲ ਮਿਲਾਕੇ ਸੁਖਦਾਈ ਜੀਵਨ ਜੀਉਣ ਵਿੱਚ ਸਹਾਇਤਾ ਕਰ ਸਕਦੀ ਹੈ।

ਸਿਹਤ ਵਿਦਿਆਰਥੀਆਂ ਨੇ ਇਸ ਗੱਲ 'ਤੇ ਜੋਰ ਦਿੱਤਾ ਹੈ ਕਿ ਇਹ ਖਣਿਜਾਂ ਦੀ ਭੂਮਿਕਾ ਨੂੰ ਸਮਝਣਾ ਨਾ ਸਿਰਫ ਲਾਭਦਾਇਕ ਹੈ ਪਰ ਸਭ ਲਈ ਲਾਜ਼ਮੀ ਵੀ ਹੈ—ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਜੋ ਆਪਣੀ ਸਿਹਤ ਨੂੰ ਨਿਰੋਗ ਰੱਖਣਾ ਚਾਹੁੰਦੇ ਹਨ। ਜਿਵੇਂ ਕਿ ਅਸੀਂ ਭੋਜਨ ਚੋਣਾਂ ਵਿੱਚ ਅੱਗੇ ਵਧਦੇ ਹਾਂ ਖਣਿਜਾਂ ਦੀ ਲਾਗਤ ਨੂੰ ਪਹਿਲ ਦੇ ਆਧਾਰ ਤੇ ਰੱਖਣਾ ਸਾਡੇ ਪੋਸ਼ਣ ਟੀਚਿਆਂ ਦੇ ਕੇਂਦਰ 'ਤੇ ਹੋਣਾ ਚਾਹੀਦਾ ਹੈ।

**-ਸੁਰਿੰਦਰਪਾਲ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ**

## ਸੰਤ ਬਾਬਾ ਸੱਜਣ ਸਿੰਘ ਜੀ ਦਾ

# ਵਿਦੇਸ਼ਾਂ ਦੀ ਧਰਤੀ ਪੰਜਾਬ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ



**ਚੌਕ ਮਹਿਤਾ, 24 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਜੀ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਜੀ ਕੱਲ ਰਾਤ ਯੂ.ਕੇ ਇੰਗਲੈਂਡ ਦੀ ਧਰਤੀ ਤੋਂ ਵਾਪਸ ਆ ਗਏ ਹਨ। ਉਹਨਾਂ ਦਾ ਉਹਨਾਂ ਦੇ ਸੇਵਕਾਂ ਦੁਆਰਾ ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਨਿੰਦਰ ਸਿੰਘ ਭੋਏ ਬਾਬਾ ਜੱਸਾ ਸਿੰਘ, ਰਣਜੀਤ ਸਿੰਘ ਬਾਬੋਵਾਲ, ਪ੍ਰਿੰਸੀਪਲ ਗੁਰਸੇਵਕ ਸਿੰਘ ਗਿਆਨ ਸਿੰਘ ਬੋਪਾਰਾਏ ,ਜਗਰੂਪ ਸਿੰਘ ਬੋਪਾਰਾਏ, ਬਾਬਾ ਸੁੱਖਾ ਸਿੰਘ, ਤਲਜਿੰਦਰ ਸਿੰਘ ਬੋਪਾਰਾਏ, ਬਲਜਿੰਦਰ ਸਿੰਘ ਨਿਬਰਵਿੰਡ, ਬਾਬਾ ਰਾਜਾ, ਗੁਰਬਾਜ ਸਿੰਘ, ਜੋਬਨ ਬੁਲਾਰਾ, ਬਲਿਹਾਰ ਸਿੰਘ, ਅਵਤਾਰ ਸਿੰਘ ਬੋਪਾਰਾਏ, ਬਚਿੱਤਰ ਸਿੰਘ ਮੱਤੇਵਾਲ, ਨਿਰਵੈਲ ਸਿੰਘ ਬੁਲਾਰਾ ਗੁਰਮੁਖ ਸਿੰਘ ਬੁਲਾਰਾ, ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

## ਦੁਬਈ ਦੇ ਸ਼ਹਿਰ ਸ਼ਾਰਜਾਹ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

# ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ

**ਜੰਡਿਆਲਾ ਗੁਰੂ, 24 ਜੂਨ ( ਕੁਲਵੰਤ ਸਿੰਘ ਵਿਰਦੀ )**-ਪੰਜਾਬੀਆਂ ਦੀ ਸ਼ਾਨ ਵੀ ਵੱਖਰੀ ਅਤੇ ਪਹਿਚਾਣ ਵੀ ਵੱਖਰੀ, ਇਹ ਹਕੀਕਤ ਹੈ ਪੰਜਾਬੀਆਂ ਨੇ ਆਪਣਾ ਰੁਤਬਾ ਵੀ ਕਾਇਮ ਰੱਖਿਆ ਅਤੇ ਭਾਈਚਾਰਕ ਸਾਂਝ ਵੀ ਚਾਹੇਂ ਆਪਣਾ ਦੇਸ਼ ਹੋਵੇ, ਪੰਜਾਬ ਹੋਵੇ, ਜਾਂ ਯੂਰਪ, ਜਾ ਅਰਬ ਦੇਸ਼, ਪੰਜਾਬੀਆਂ ਨੇ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਿਆ ਹੈ ਜਿਸਦੀ ਤਾਜਾ ਮਿਸਾਲ ਦੁਬਈ ਦੇ ਸ਼ਹਿਰ ਸ਼ਾਰਜਾਹ ਦੇ ਪਿੰਡ ਅਲੱਖਵਾਣੀ ਵਿਖੇ ਪੰਜਾਬੀ ਭਾਈਚਾਰੇ ਵੱਲੋਂ ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀ ਛਬੀਲ ਲਗਾ ਕੇ ਕਾਇਮ ਕੀਤੀ ਇਸ ਮੌਕੇ ਤੇ ਪਹਿਰੇਦਾਰ ਦੇ ਪੱਤਰਕਾਰ ਨਾਲ ਫੋਨ ਤੇ ਗੱਲਬਾਤ ਕਰਦਿਆਂ ਵਰਿੰਦਰ ਸਿੰਘ ਬਾਲੀਆ ਮੰਝਪੁਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੰਚਮ ਪਾਤਸ਼ਾਹ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 22 ਜੂਨ ਐਤਵਾਰ ਛੁੱਟੀ ਵਾਲੇ ਦਿਨ ਟਰਾਈ ਸਟਾਰ ਕੰਪਨੀ ਦੇ ਕੈਂਪ ਵਿਚ ਬਾਬਾ ਗੁਰਜਿੰਦਰ ਸਿੰਘ ਨਿਹੰਗ ਸਿੰਘ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਅਰੰਭਤਾ ਕੀਤੀ ਅਤੇ 10 ਵਜੇ ਪਾਠ ਦੀ ਸੰਪੂਰਤਾ ਤੋਂ ਬਾਅਦ ਸਿਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਦੀ ਅਰਦਾਸ ਤੋਂ ਬਾਅਦ ਮਰਿਆਦਾ ਅਨੁਸਾਰ ਕੜਾਹ ਪ੍ਰਸ਼ਾਦ ਦੀ ਦੇਗ. ਵਰਤਾਈ ਗਈ ਅਤੇ ਉਸ ਤੋਂ ਬਾਅਦ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਸਕਦਾ ਸਾਰੀ ਸੰਗਤ ਨੂੰ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਛੋਲੇ ਭੰਗੂਰ ਦੇ ਲੰਗਰ ਵਰਤਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਇਥੇ ਇਹ ਦੱਸਣਯੋਗ ਹੈ ਕਿ ਇਹ ਟੀਮ ਸਮੇਂ ਸਮੇਂ ਤੇ ਲੋਕ ਭਲਾਈ ਦੇ ਕੰਮ ਅਤੇ ਖੂਨ ਦਾਨ ਕੈਂਪਾਂ ਵਿੱਚ ਵੀ ਪਹਿਲਾ ਦੇ ਅਧਾਰ ਤੇ ਆਪਣਾਂ ਯੋਗਦਾਨ ਪਾ ਰਹੀ ਹੈ। ਇਸ ਮੌਕੇ ਤੇ ਭਾਈ ਅਮਰਜੀਤ ਸਿੰਘ, ਦਵਿੰਦਰ ਸਿੰਘ, ਅਨੋਖ ਸਿੰਘ, ਕੁਲਦੀਪ ਸਿੰਘ, ਗੁਰਜੀਤ ਸਿੰਘ ਭੋਲਾ, ਗੁਰਜਿੰਦਰ ਸਿੰਘ ਬਿੰਦੂ ਅਨੰਦਪੁਰ ਸਾਹਿਬ, ਅੰਮ੍ਰਿਤ, ਜਸ਼ਨਪ੍ਰੀਤ, ਰੋਮਨਜੀਤ ਚਾਹਲ, ਪੱਡਾ ਸਾਬ, ਨਿਰਮਲ ਸਿੰਘ ਕੈਰੋਂ, ਰਣਜੀਤ ਸਿੰਘ ਖੈਰਾਬਾਦ, ਧਰਮ ਸਿੰਘ, ਪ੍ਰਿਸ ਬਾਲੀਆ, ਗੋਪੀ ਨਾਗੋਕੇ, ਕੁਲਦੀਪ ਖੇਮਕਰਨ, ਪ੍ਰਿਤਪਾਲ ਸਿੰਘ ਬੋਦੇਵਾਲ, ਹਰਪ੍ਰੀਤ ਫਾਜਲਪੁਰੀਆ, ਵਰਿੰਦਰ ਸਿੰਘ ਬਾਲੀਆ ਅਤੇ ਸਟਾਰ ਕੰਪਨੀ ਦੇ ਸਾਰੇ ਸੇਵਾਦਾਰ ਨੇ ਸੇਵਾ ਨਿਭਾਈ।



# ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸੇਵਾ ਸੁਸਾਇਟੀ ਵਡਾਲੀ ਡੋਗਰਾਂ ਵੱਲੋਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਕੀਤੀਆ ਨਵੀਆਂ ਨਿਯੁਕਤੀਆਂ-ਭਾਈ ਸਾਹਿਬ ਸਿੰਘ ਸੰਧੂ



**ਜੰਡਿਆਲਾ ਗੁਰੂ, 24 ਜੂਨ ( ਕੁਲਵੰਤ ਸਿੰਘ ਵਿਰਦੀ)**-ਬੀਤੇ ਦਿਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸੇਵਾ ਸੋਸਾਇਟੀ (ਰਜਿ.), ਵਡਾਲੀ ਡੋਗਰਾਂ ਅੰਮ੍ਰਿਤਸਰ ਸਾਹਿਬ ਵੱਲੋਂ ਸੋਸਾਇਟੀ ਦੀਆਂ ਸੇਵਾਵਾਂ ਪ੍ਰਤੀ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ, ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆ ਹੋਇਆ ਭਾਈ ਸਾਹਿਬ ਸਿੰਘ ਸੰਧੂ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸੇਵਾ ਸੁਸਾਇਟੀ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਅਤੇ ਸਮਾਜਿਕ ਸੇਵਾਵਾਂ ਲਈ ਸੁਸਾਇਟੀ ਵੱਲੋਂ ਆਪਣਾ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ ਜਿਸ 'ਵਿਚ ਧਾਰਮਿਕ ਸਮਾਗਮ, ਗੁਰੂ ਸਾਹਿਬ ਜੀ ਦੇ ਪੁਰਬ, ਅਤੇ ਸਾਲਾਨਾ ਸਮਾਗਮਾਂ ਦੇ ਨਾਲ ਗ੍ਰੰਥੀ ਸਿੰਘਾਂ ਦੇ ਮਾਣ ਸਤਿਕਾਰ ਲਈ ਵਿਸੇਸ ਤੌਰ ਤੇ ਸਲਾਨਾ ਸਮਾਗਮ ਕਰਵਾਇਆ ਜਾਂਦਾ ਹੈ ਅਤੇ ਲੋੜਵੰਦ ਬੱਚੀਆਂ ਦੇ ਵਿਆਹ ਆਨੰਦ ਕਾਰਜ ਕਰਵਾਏ ਜਾਂਦੇ ਹਨ ਜਿਸ ਦੇ ਚੱਲਦਿਆਂ ਸੁਸਾਇਟੀ ਦੇ ਪ੍ਰੀਵਾਰ ਚ ਵਾਧਾ ਕਰਦਿਆਂ ਹੋਇਆ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ ਜਿਸ ਵਿੱਚ ਡਾ ਬਲਜੀਤ ਸਿੰਘ ਪਿੰਡ ਰਸੂਲਪੁਰ ਕਲਾਂ ਨੂੰ ਸਲਾਹਕਾਰ, ਗ੍ਰੰਥੀ ਭਾਈ ਦਲਵਿੰਦਰ ਸਿੰਘ ਸਲਾਹਕਾਰ, ,ਪੱਤਰਕਾਰ ਜਸਪਾਲ ਸਿੰਘ ਨਵਾਂ ਪਿੰਡ ਸਲਾਹਕਾਰ ,ਮੀਤ ਪ੍ਰਧਾਨ ਸੰਦੀਪ ਸਿੰਘ ਮੌਜੀ ਸਰਪੰਚ ਪਿੰਡ ਵਡਾਲੀ ਡੋਗਰਾਂ, ਖ਼ਜ਼ਾਨਚੀ ਦਵਿੰਦਰਪਾਲ ਸਿੰਘ ਗੋਰਾ, ਸਲਾਹਕਾਰ ਮਨਜਿੰਦਰ ਸਿੰਘ , ਸੁਸਾਇਟੀ ਦੇ ਮੈਂਬਰ ਸੰਦੀਪ ਸਿੰਘ ਸਿੰਘ, ਦਲਜੀਤ ਸਿੰਘ ਜੀਤਾ, ਜਸ਼ਨਪ੍ਰੀਤ ਸਿੰਘ ਵਡਾਲੀ, ਸੁਖਬੀਰ ਸਿੰਘ, ਮਲਕੀਤ ਸਿੰਘ, ਹਰਪ੍ਰੀਤ ਸਿੰਘ, ਸਮੇਤ ਅਹੁਦੇਦਾਰ ਅਤੇ ਮੈਂਬਰ ਨਿਯੁਕਤ ਕੀਤੇ ਗਏ !

# ਬਾਬਾ ਹਰਦੀਪ ਸਿੰਘ ਮਹਿਰਾਜ ਨੂੰ ਸਦਮਾ, ਛੋਟੀ ਭਰਜਾਈ ਦਾ ਦਿਹਾਂਤ



**ਨਵੀਂ ਦਿੱਲੀ, 24 ਜੂਨ (ਮਨਪ੍ਰੀਤ ਸਿੰਘ ਖਾਲਸਾ)**:-ਦਲ ਖਾਲਸਾ ਦੇ ਆਗੂ ਤੇ ਸਿੱਖ ਸਿਆਸਤ 'ਚ ਸਰਗਰਮ ਬਾਬਾ ਹਰਦੀਪ ਸਿੰਘ ਮਹਿਰਾਜ ਦੇ ਛੋਟੇ ਭਰਜਾਈ ਜੀ ਬੀਬੀ ਬਲਵਿੰਦਰ ਕੌਰ ਪਤਨੀ ਸਰਦਾਰ ਕੁਲਵੰਤ ਸਿੰਘ ਸਰਕਾਰੀਆ ਵਾਸੀ ਅੰਮ੍ਰਿਤਸਰ ਅੱਜ ਸਵੇਰੇ ਸਵਾਰਗ ਸੁਧਾਰ ਗਏ। ਉਹਨਾਂ ਦੀ ਉਮਰ 55 ਸਾਲ ਦੇ ਕਰੀਬ ਸੀ, ਪਿਛਲੇ ਤਿੰਨ ਮਹੀਨਿਆਂ ਤੋਂ ਸੂਗਰ ਤੇ ਹੋਰ ਰੋਗਾਂ ਤੋਂ ਪੀੜ੍ਹਤ ਹੋਣ ਕਾਰਣ ਹਸਪਤਾਲ 'ਚ ਦਾਖਲ ਸਨ। ਜਾਰੀ ਪ੍ਰੈਸ ਬਿਆਨ 'ਚ ਸੀਨੀਅਰ ਪੱਤਰਕਾਰ ਬਲਜਿੰਦਰ ਸਿੰਘ ਕੋਟਭਾਰਾ ਨੇ ਦੱਸਿਆ ਕਿ ਬੀਬੀ ਬਲਵਿੰਦਰ ਕੌਰ ਦਾ ਪੁੱਤਰ ਜੰਗਾ ਸਿੰਘ ਵਿਦੇਸ਼ 'ਚ ਹੋਣ ਕਾਰਣ ਉਹਨਾਂ ਦਾ ਅੰਤਮ ਸੰਸਕਾਰ 26 ਜੂਨ, ਦਿਨ ਵੀਰਵਾਰ ਪਿੰਡ ਮੀਰਾ ਕੋਟ ਵਿਖੇ ਦੁਪਹਿਰ 11 ਵਜੇ ਕੀਤਾ ਜਾਵੇਗਾ। ਇਸ ਮੌਕੇ ਪੰਥ ਸੇਵਕ ਜਥੇ ਦੇ ਆਗੂ ਭਾਈ ਦਲਜੀਤ ਸਿੰਘ ਖਾਲਸਾ ਜੀ, ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ ਝਜਿਆ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਲਾਲ ਸਿੰਘ, ਭਾਈ ਅਮਰੀਕ ਸਿੰਘ ਈਸੜੂ, ਭਾਈ ਸੁਖਦੇਵ ਸਿੰਘ ਡੋਡ, ਭਾਈ ਮਨਜੀਤ ਸਿੰਘ ਫਗਵਾੜਾ, ਭਾਈ ਨਰਾਇਣ ਸਿੰਘ ਚੌੜਾ, ਕਿਸਾਨ ਆਗੂ ਬਲਦੇਵ ਸਿੰਘ ਸਿਰਸਾ, ਦਿਆਂ ਸਿੰਘ ਕੱਕੜ, ਹਰਚਨਜੀਤ ਸਿੰਘ ਧਾਮੀ, ਦਲ ਖਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ, ਦਲ ਖਾਲਸਾ ਦੇ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ, ਕਾਰਜਕਾਰੀ ਪ੍ਰਧਾਨ ਭਾਈ ਪਰਮਜੀਤ ਸਿੰਘ ਮੰਡ, ਪਰਮਜੀਤ ਸਿੰਘ ਟਾਂਡਾ, ਗੁਰਨਾਮ ਸਿੰਘ ਮੁਨਕਾ, ਗੁਰਵਿੰਦਰ ਸਿੰਘ ਬਠਿੰਡਾ, ਭਗਵਾਨ ਸਿੰਘ ਸੰਧੂ ਖੁਰਦ, ਬਾਬਾ ਸਤਨਾਮ ਸਿੰਘ, ਸੁਰਿੰਦਰ ਸਿੰਘ ਨਥਾਣਾ, ਬਲਕਰਨ ਸਿੰਘ ਡੱਬਵਾਲੀ, ਜੀਵਨ ਸਿੰਘ ਗਿੱਲ ਕਲਾਂ, ਜਗਰੂਪ ਸਿੰਘ ਵਿਦਰੋਹੀ ਚਾਚਾ, ਲੱਖੀ ਜੰਗਲ ਜਥਾ ਦੇ ਬਾਬਾ ਸਵਰਨ ਸਿੰਘ ਕੋਟਧਰਮੂ, ਉਘੇ ਵਕੀਲ ਹਰਪਾਲ ਸਿੰਘ ਖਾਰਾ, ਰਾਮ ਸਿੰਘ ਢਪਾਲੀ, ਸੁਖਰਾਜ ਸਿੰਘ ਨਿਆਮੀਵਾਲਾ, ਸੁਖਪਾਲ ਸਿੰਘ ਪਾਲਾ ਆਦਿ ਨੇ ਬਾਬਾ ਹਰਦੀਪ ਸਿੰਘ ਮਹਿਰਾਜ ਨਾਲ ਦੁਖ ਦਾ ਪ੍ਰਗਟਾਵਾ ਕੀਤਾ।

# ਮੇਰਾ ਇੱਕਲਾਪਣ

ਇੱਕਲਾਪਣ ਮੇਰਾ
ਮੈਨੂੰ ਸਕੂਨ ਦਿੰਦਾ ਏ

ਨਾ ਖੌਫ ਏ ਕੁਝ ਗਵਾਉਣ ਦਾ
ਨਾ ਖੌਫ ਏ ਦੁੱਖ ਹੰਢਾਉਣ ਦਾ

ਭੀੜ ਦੇ ਵਿੱਚ ਰਹਿ ਕੇ ਵੀ
ਭੀੜ ਦਾ ਹਿੱਸਾ ਨਹੀਂ ਹਾਂ ਮੈਂ

ਖੁਦ ਨੂੰ ਰੁਤਬਾ ਦੇ ਦਿੰਦੀ ਹਾਂ
ਤਾਰਿਆਂ ਵਿੱਚ ਚਮਕਦੇ ਚੰਨ ਦਾ

ਖੁਦ ਨੂੰ ਚੰਨ ਸਮਝੀ
ਜਦ ਚੰਨ ਵੱਲ ਤੱਕਦੀ ਹਾਂ
ਨਜ਼ਾਰਾ ਦੇਖਦੀ ਹਾਂ
ਚੰਨ ਤੇ ਲੱਗੇ ਧੱਬਿਆਂ ਦਾ

ਕਿੰਨੇ ਦਾਗ ਨੇ ਇਸ ਚੰਨ ਉੱਤੇ
ਫਿਰ ਵੀ ਸਭ ਨੂੰ ਪਿਆਰਾ ਏ
ਅਸਮਾਨ ਦੇ ਵਿੱਚ
ਇਹ ਇੱਕਲਾ ਹੀ
ਦਿਖਦਾ ਨਿਆਰਾ ਏ

ਕਦੇ ਖੁਦ ਨੂੰ ਤੱਕਦੀ ਹਾਂ
ਕਦੇ ਚੰਨ ਨੂੰ ਤੱਕਦੀ ਹਾਂ
ਪਾ ਕੇ ਨੀਵੀਂ
ਸਾਡੇ ਦੋਵਾਂ ਦੇ
ਇੱਕਲੇਪਣ ਤੇ ਹੱਸਦੀ ਹਾਂ

ਦਾਗਾਂ ਨਾਲ
ਭਰੇ ਆਪਣੇ ਦਾਮਨ ਨੂੰ
ਜਦ ਵੀ ਮੈਂ ਤੱਕਦੀ ਹਾਂ
ਕੋਈ ਸਮਝੇ ਭਾਵੇਂ ਨਾ ਸਮਝੇ
ਪਰ ਮੈਂ ਖੁਦ ਨੂੰ ਚੰਨ ਸਮਝਦੀ ਹਾਂ

ਨਾ ਚੰਨ ਚਮਕਣਾ ਛੱਡਣਾ ਏ
ਨਾ ਹੀ ਮੈਂ ਜਿਉਣਾ ਛੱਡਣਾ ਏ
ਸਾਡੇ ਇੱਕਲੇਪਣ ਨੇ ਹੀ
ਸਾਨੂੰ ਹਮੇਸ਼ਾਂ ਹੀ
ਖੁਸ਼ ਰੱਖਣਾ ਏ

ਸਾਨੂੰ ਇੱਕਲਿਆਂ ਦੇਖ ਕੇ ਹੀ
ਕੁੱਲ ਦੁਨੀਆਂ ਨੇ
ਸਾਨੂੰ ਪਿਆਰ ਕਰਣਾ ਏ

ਇੱਕਲਾਪਣ ਮੇਰਾ
ਮੈਨੂੰ ਸਕੂਨ ਦਿੰਦਾ ਏ

**ਰਸ਼ਿਪੰਦਰ ਕੌਰ ਗਿੱਲ**
ਪ੍ਰਧਾਨ
ਪੀਘਾਂ ਸੋਚ ਦੀਆਂ ਸਾਹਿਤ ਮੰਚ
+91- 9888697078



### ਇਤਿਹਾਸਿਕ ਨਗਰ ਤਲਵੰਡੀ ਸਾਬੋ ਦੇ ਵਿਕਾਸ ਲਈ

# ਵਿਸ਼ੇਸ਼ ਪੈਕੇਜ ਐਲਾਨੇ ਸੂਬਾ ਸਰਕਾਰ- ਗੁਰਬਾਜ਼ ਸਿੰਘ ਸਿੱਧੂ





**ਤਲਵੰਡੀ ਸਾਬੋ, 24 ਜੂਨ (ਗੁਰਜੰਟ ਸਿੰਘ ਨਥੇਹਾ)**-ਧਾਰਮਿਕ ਅਤੇ ਇਤਿਹਾਸਿਕ ਨਗਰ ਤਲਵੰਡੀ ਸਾਬੋ 'ਚ ਪਿਛਲੇ ਕਰੀਬ ਸਵਾ ਤਿੰਨ ਸਾਲਲਾਂ 'ਚ ਵਿਕਾਸ ਦਾ ਕੋਈ ਕਾਰਜ ਤਾਂ ਕੀ ਸੁਰੂ ਹੋਣਾ ਸੀ ਸਗੋਂ ਪੀਣ ਵਾਲੇ ਪਾਣੀ ਦੀ ਸੁਚਾਰੂ ਢੰਗ ਨਾਲ ਪੂਰਤੀ ਅਤੇ ਸੀਵਰੇਜ ਓਵਰਫਲੋ ਵਰਗੀਆਂ ਮੁਢਲੀਆਂ ਸਮੱਸਿਆਵਾਂ ਦੇ ਹੱਲ ਵੱਲ ਵੀ ਧਿਆਨ ਨਹੀਂ ਦਿੱਤਾ ਗਿਆ ਪਰ ਹੁਣ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਨਗਰ ਦੀ ਮਹੱਤਤਾ ਨੂੰ ਦੇਖਦਿਆਂ ਨਗਰ ਲਈ ਵਿਸ਼ੇਸ਼ ਆਰਥਿਕ ਪੈਕੇਜ ਐਲਾਨੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਸਪੁੱਤਰ ਅਤੇ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਗੱਲਬਾਤ ਦੌਰਾਨ ਕੀਤਾ। ਗੁਰਬਾਜ਼ ਸਿੰਘ ਸਿੱਧੂ ਜੋ ਪਿਛਲੇ ਦਿਨੀਂ ਇੱਕ ਹਾਦਸੇ ਦੌਰਾਨ ਸਾਢੇ ਚਾਰ ਸਾਲਾ ਬੱਚੇ ਸੁਖਤਾਜ ਸਿੰਘ ਦੇ ਅਕਾਲ ਚਲਾਣੇ 'ਤੇ ਮ੍ਰਿਤਕ ਬੱਚੇ ਦੇ ਦਾਦਾ ਦਰਸ਼ਨ ਸਿੰਘ ਗਿੱਲ ਅਤੇ ਸਮੁੱਚੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਵਿਸ਼ੇਸ਼ ਤੌਰ 'ਤੇ ਪੁੱਜੇ ਸਨ ਨੇ ਬਾਅਦ ਚ ਆਮ ਲੋਕਾਂ ਅਤੇ ਵਰਕਰਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਹਾਜ਼ਰੀ ਭਰੀ। ਦੌਰੇ ਉਪਰੰਤ ਗੱਲਬਾਤ ਕਰਦਿਆਂ ਗੁਰਬਾਜ਼ ਸਿੰਘ ਸਿੱਧੂ ਨੇ ਕਿਹਾ ਪਿਛਲੇ ਸਵਾ ਤਿੰਨ ਸਾਲ ਦੌਰਾਨ ਨਗਰ ਦੀਆਂ ਬੁਨਿਆਦੀ ਸਮੱਸਿਆਵਾਂ ਵੱਲ ਵੀ ਧਿਆਨ ਨਹੀ ਦਿੱਤਾ ਗਿਆ। ਨਗਰ ਦੇ ਕਈ ਵਾਰਡਾਂ 'ਚ ਸੀਵਰੇਜ ਓਵਰਫਲੋ ਅਜੇ ਵੀ ਸਮੱਸਿਆ ਬਣਿਆ ਹੋਇਆ ਹੈ, ਨਗਰ ਦੇ ਪਾਰਕ ਸਾਂਭ ਸੰਭਾਲ ਖੁਣੋ ਵੀਰਾਨ ਹੁੰਦੇ ਜਾ ਰਹੇ ਹਨ। ਉਨਾਂ ਕਿਹਾ ਕਿ ਦਮਦਮਾ ਸਾਹਿਬ ਵਿਖੇ ਦੇਸ਼ ਵਿਦੇਸ਼ 'ਚੋਂ ਸ਼ਰਧਾਲੂ ਆਉਂਦੇ ਹਨ ਪਰ ਹਾਲਾਤ ਇਹ ਨੇ ਕਿ ਤਖਤ ਸਾਹਿਬ ਵੱਲ ਜਾਂਦੇ ਰਸਤਿਆਂ ਦੇ ਸੁੰਦਰੀਕਰਨ ਵਾਸਤੇ ਫੰਡ ਲਿਆਉਣ ਲਈ 'ਚ ਸਰਕਾਰ ਦੇ ਨੁਮਾਇੰਦੇ ਫੇਲ੍ਹ ਰਹੇ ਹਨ। ਪਰ ਹੁਣ ਜਦੋਂ ਇਸ ਸਰਕਾਰ ਦੇ ਪੌਣੇ ਦੋ ਸਾਲ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ ਤਾਂ ਸਰਕਾਰ ਦੇ ਨੁਮਾਇੰਦਿਆਂ ਦਾ ਫਰਜ਼ ਬਣਦਾ ਹੈ ਕਿ ਉਹ ਨਗਰ ਲਈ ਵਿਸ਼ੇਸ਼ ਆਰਥਿਕ ਪੈਕੇਜ ਲੈ ਕੇ ਆਉਣ।ਇਸ ਮੌਕੇ ਸੀ. ਕਾਂਗਰਸੀ ਆਗੂ ਸੁਖਬੀਰ ਸਿੰਘ ਚੱਠਾ, ਜੱਟਮਹਾਂ ਸਭਾ ਹਲਕਾ ਪ੍ਰਧਾਨ ਮਨਜੀਤ ਲਾਲੇਆਣਾ, ਡੂੰਗਰ ਸਿੰਘ ਸੀਂਗੋ, ਕ੍ਰਿਸ਼ਨ ਯਾਦਵ, ਜਸਪਾਲ ਸਿੰਘ ਭਗਵਾਨਪੁਰਾ, ਹੈਪੀ ਬਹਿਮਣ, ਜਗਤਾਰ ਨੰਬਰਦਾਰ ਭਾਗੀਵਾਂਦਰ, ਹਰਜਿੰਦਰ ਸਿੰਘ ਜਿੰਦਾ ਜੀਵਨ ਸਿੰਘ ਵਾਲਾ, ਅੰਮ੍ਰਿਤਪਾਲ ਸਿੰਘ ਜੀਵਨ ਸਿੰਘ ਵਾਲਾ, ਗੁਰਾਂਦਿੱਤਾ ਸਿੰਘ ਸੀਂਗੋ, ਗੋਰਾ ਵਕੀਲ ਲਾਲੇਆਣਾ, ਨੈਬ ਸਿੰਘ ਸਰਾਂ, ਬਿੰਦਰ ਸਿੰਘ ਨਥੇਹਾ, ਅਮਰ ਸਿੰਘ, ਬੱਗਾ ਸਿੰਘ ਆਦਿ ਆਗੂ ਮੌਜੂਦ ਸਨ।

# ਕਾਮ ਕ੍ਰੋਧ ਕਾਇਆ ਕੋ ਗਾਲੇ ਜੋ ਸੁਹਾਗਾ ਕੰਚਨ ਢਾਲੇ : ਪੀਸੀ ਸਮਾਜ ਸੁਧਾਰਕ




**ਫ਼ਿਰੋਜ਼ਪੁਰ, 24 ਜੂਨ (ਮਨੋਹਰ ਲਾਲ) :—** ਅੱਜ ਜੋ ਤੇਸੀ ਨਾਲ ਸਰੀਰਕ ਬਿਮਾਰੀਆਂ ਵੱਧ ਰਹੀਆਂ ਹਨ ਮਾਨਸਿਕ ਪਰੇਸ਼ਾਨੀ ਆ ਰਹੀਆਂ ਹਨ ਔਰ ਸਮਾਜਕ ਕ੍ਰਿਤੀਆਂ ਦਾ ਗੜ ਬਣ ਗਿਆ ਹੈ। ਤੇ ਜਿਸ ਦਿਨ ਦੇਖੋ ਉਧਰ ਹੀ ਅੱਜ ਹਾ ਹਾ ਕਾਰ ਅਫੜਾ ਦਫੜੀ ਤੜੋ ਦੁਖੀ ਮਨੋ ਦੁਖੀ ਧਨੋ ਦੁਖੀ ਸਮਾਜ ਵਿੱਚ ਅਰਾਜਕਤਾ ਲੜਾਈ ਝਗੜੇ ਫਸਾਦ ਕਿਤੇ ਧਰਮ ਦੇ ਨਾਂ ਤੇ ਜਾਤ ਪਾਤ ਦੇ ਨਾਂ ਤੇ ਉਚ ਨੀਚ ਦੇ ਨਾਂ ਤੇ ਗਰੀਬੀ ਮੀਰੀ ਦੇ ਨਾਂ ਤੇ ਕਿਤੇ ਇਲਾਕਾਈ ਕਿਤੇ ਭਾਸ਼ਾਈ ਤਾਂ ਸਾਰੀ ਦੁਨੀਆ ਵਿੱਚ ਹਰ ਮੁਲਕ ਇੱਕ ਦੂਜੇ ਨੂੰ ਹੇਠੀ ਦਿਖਾਉਣ ਲਈ ਇੱਕ ਦੂਜੇ ਨੂੰ ਨੀਚਾ ਦਿਖਾਉਣ ਲਈ ਇੱਕ ਤੋਂ ਅੱਗੇ ਵਧ ਕੇ ਵਰਲਡ ਪਾਵਰ ਬਣਨ ਲਈ ਹਰ ਪਾਸੇ ਹੋਮੈ ਦਾ ਬੋਲ ਬਾਲਾ ਹੈ ਤੇ ਇਸ ਦੇ ਨਾਲ ਹੀ ਅੱਜ 85% ਲੋਕ ਜਿਹੜੇ ਆ ਉਹ ਵਾਹਿਗੁਰੂ ਜੀ ਤੁਸੀਂ ਆ ਕੇ ਕੋਈ ਨਾ ਕੋਈ ਕਿਸੇ ਨਾ ਕਿਸੇ ਦਵਾਈ ਦਾ ਸੇਵਨ ਕਰ ਰਹੇ ਹਨ ਔਰ ਹਰ ਪਾਸੇ ਇਸ ਪੈਸੇ ਤੇ ਚੌਧਰ ਦੀ ਦੌੜ ਨੇ ਘਰ ਪਰਿਵਾਰ ਸਮਾਜ ਦੇਸ਼ ਰਾਜਕਤਾ ਪੈਸਾ ਕਰ ਦਿੱਤੀ ਹੈ ਔਰ ਇਸ ਦਾ ਜੋ ਕਿਸੇ ਵੀ ਪੈਥੀ ਕੋਲ ਹੱਲ ਨਹੀਂ ਬਲਕਿ ਇੱਕ ਬਿਮਾਰੀ ਤੋਂ ਬਚਾਉਣ ਲਈ ਦੂਜੀ ਬਿਮਾਰੀ ਦੂਜੀ ਤੋਂ ਤੀਜੀ ਤੀਜੀ ਇਸ ਤਰਾਂ ਬਿਮ ਇਸ ਤਰਾਂ ਬਿਮਾਰੀਆਂ ਲਾ ਇਲਾਜ ਹੋ ਕੇ ਰਹਿ ਗਏ ਹਾਂ ਖਾਸ ਤੌਰ ਤੇ ਦਿਮਾਗੀ ਬਿਮਾਰੀਆਂ ਜੋ ਕਿਸੇ ਵੀ ਕਿਸੇ ਵੀ ਪੈਥੀ ਕੋਲ ਹੱਲ ਲਈ ਜਿੱਥੋਂ ਤੱਕ ਹੱਲ ਦਾ ਸਬੰਧ ਹੈ ਸਾਡੇ ਸਾਡੇ ਮਹਾਂਪੁਰਸ਼ਾਂ ਨੇ ਉੱਚਾ ਸੁੱਚਾ ਪਵਿੱਤਰ ਜੀਵਨ ਜੀ ਕੇ ਗ੍ਰੰਥਾਂ ਵਿੱਚ ਅੰਕਿਤ ਕਰ ਗਏ ਹਨ ਤੇ ਇਹਨਾਂ ਦਾ ਹੱਲ ਇਹ ਦੁਨਿਆਵੀ ਪੈਥੀਆਂ ਦਵਾਈਆਂ ਪੋੜ ਪੋੜ ਨਾਲ ਨਹੀਂ ਬਲਕਿ ਲੜੀ ਜਾਰੀ ਨਿਕਲਣਾ ਪੰਜਦ ਮਿੰਟ ਇੱਕੋ ਇੱਕ ਹੱਲ ਹੈ ਇਹ ਕਾਮ ਕ੍ਰੋਧ ਜੋ ਸਾਰੀਆਂ ਬਿਮਾਰੀਆਂ ਦੀ ਜੜ ਹੈ ਉਹ ਤੁਹਾਨੂੰ ਮਨ ਨੂੰ ਤੇ ਸਮਾਜ ਨੂੰ ਇਸ ਤਰਾਂ ਕਲੰਕਤ ਕਰ ਰਿਹਾ ਹੈ ਲਾ ਇਲਾਜ ਬਿਮਾਰੀ ਬਣ ਕੇ ਰਹਿ ਗਿਆ ਹੈ ਨਾਲ ਹੀ ਇਹ ਵੀ ਦੱਸਿਆ ਹੈ ਕਿ ਜਿਸ ਤਰਾਂ ਜਿਸ ਤਰ੍ਹਾਂ ਸੋਨੇ ਨੂੰ ਜਿੰਨਾ ਮਰਜ਼ੀ ਕੁੱਟੀ ਜਾਓ ਭੰਨੀ ਜਾਓ ਤੋੜੀ ਜਾਓ ਉਹ ਟੁੱਟਦਾ ਨਹੀਂ ਬਲਕਿ ਚਿਬਾ ਹੁੰਦਾ ਜਾਂਦਾ ਹੈ ਜਦੋਂ ਉਸ ਨੂੰ ਸੁਹਾਗੇ ਵਿੱਚ ਪਾ ਤਾ ਜਾਵੇ ਤਾਂ ਮਿੰਟਾਂ ਸਕਿੰਟਾਂ ਵਿੱਚ ਹੀ ਉਸ ਨੂੰ ਪਾਣੀ ਬਣਾ ਕੇ ਰੱਖ ਦਿੰਦਾ ਹੈ ਤਾਂ ਇਸੇ ਤਰ੍ਹਾਂ ਹੀ ਇਹ ਜਿਹੜੀਆਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਬਿਮਾਰੀਆਂ ਹਨ ਇਹ ਵੀ ਇੱਕੋ ਇੱਕ ਹੱਲ ਹੈ ਵੀਰ ਗਰੋਗ ਹੈ ਦਾਰੂ ਵੀ ਇਸ ਮਾ ਤੇ ਜੋ ਕਾਮ ਹ ਉਹ ਇਥੋਂ ਤੱਕ ਕਿਹਾ ਗਿਆ ਹੈ ਕਿ ਇੱਕੋ ਇੱਕ ਸੌ ਹੱਥ ਰੱਸਾ ਸਿਰੇ ਤੇ ਗੰਢ ਇਸਦਾ ਇੱਕੋ ਇੱਕ ਹ ਪਲੀਜ਼ ਦਰਵੇਸ਼ਨ ਆਫ ਸੈਮਨ ਐਨਰਜੀ ਇਜ ਲਾਈਫ ਐਂਡ ਡਿਸਟਰੋਇੰਗ ਆਫ ਹੈਮਲ ਐਨਰਜੀ ਭਾਵ ਸੰਜਮ ਵਿੱਚ ਹੀ ਜਿੰਦਗੀ ਹੈ ਤੇ ਭੋਗ ਵਿੱਚ ਮੌਤ ਹੈ ਜਿਸ ਨੂੰ ਮੁੱਖ ਰੱਖ ਕੇ ਅੱਜ ਜਿੰਨੇ ਵੀ ਬਿਮਾਰੀਆਂ ਤੇ ਉਹ ਨਸ਼ੇ ਦੀ ਬਿਮਾਰੀ ਹੈ ਚਾਹੇ ਉਹ ਰਿਸ਼ਵਤ ਕੋਰੀ ਮਿਲਾਵਟ ਖੋਰੀ ਰਾਜਕਤਾ ਵੱਡੇ ਵਪਾਰ ਦੇ ਧੰਦੇ ਨਸ਼ੇ ਵੇਚਣ ਵਾਲੇ ਨਸ਼ੇ ਲਿਆਉਣ ਵਾਲੇ ਇਲੈਕਸ਼ਨ ਦੇਣ ਵਾਲੇ ਨਸ਼ੇ ਖਾਣ ਵਾਲੇ ਭਾਵ ਕਿ ਕਿ ਹਰ ਬਿਮਾਰੀ ਜੋ ਇਸ ਮੌਕੇ ਅਸੀਂ ਚੇਲ ਰਹੇ ਹਾਂ ਭਾਵੇਂ ਉਹ ਕਿਸੇ ਜਾਤੀ ਹਿੱਤਾਂ ਲਈ ਸਮਾਜ ਵਿੱਚ ਸਮਾਜ ਵਿੱਚ ਰਾਜਕਤਾ ਪੈਦਾ ਕਰਨ ਦ ਔਰ ਤੰਕਵਾਦ ਆਤੰਕਵਾਦ ਗੰਗਾਸਟਰਵਾਦ ਜਾਂ ਇਸਦਾ ਛੇਤੀ ਛੇਤੀ ਅਮੀਰ ਕਰਨ ਦੀ ਆਸ਼ਾ ਛੇਤੀ ਛੇਤੀ ਅਮੀਰ ਬਣਨ ਦੀ ਆਸ਼ਾ ਭਾਵ ਕਿ ਇਹ ਧੰਦਾ ਜੋ ਅੱਜ ਇਨਾ ਵੱਧ ਫੁੱਲ ਗਿਆ ਹੈ ਇਹਦੇ ਪਿੱਛੇ ਖਤਮ ਕਰ ਜੋ ਦੋ ਨੰਬਰ ਦਾ ਕੰਮ ਹੋ ਰਿਹਾ ਹੈ ਉਹ ਇਸ ਕਾਮ ਕ੍ਰੋਧ ਨੂੰ ਬੜਾਵਾ ਦੇ ਰਿਹ ਦਾ ਇੱਕੋ ਇੱਕ ਹੱਲ ਕਾਮ ਕ੍ਰੋਧ ਲੋਭ ਮੋਹ ਬਿਨਸ ਜਾਇ ਅੰਗ ਮੇਵ ਨਾਨਕ ਪ੍ਰਭ ਸਰਨਾਗਤੀ ਸਾਰੀ ਦੁਨੀਆ ਕਰ ਪ੍ਰਸਾਦਿ ਯੋਗੀ ਯੋਗ ਕਰੇ ਤਰ ਜਾਵੇ ਭੋਗੀ ਭੋਗ ਕਰੇ ਮਰ ਜਾਈ ਭਾਵੀਆ ਹੀ ਦੁਨਿਆਵੀ ਮੁਸ਼ਕਲਾਂ ਪ੍ਰੋਬਲਮ ਦਿਖਤਾ ਬਿਮਾਰੀਆਂ ਅਸੀਂ ਇੱਕੋ ਇੱਕ ਹੱਲ ਇਹੀ ਹੈ ਇਸ ਗੱਲ ਨੂੰ ਮੰਨ ਕੇ ਕਰੀਏ ਦੋ ਕਾਮ ਕਰੋ ਆਇਆ ਕੋ ਗੱਲ ਗਾ ਇੱਕ ਚੰਗੇ ਇਨਸਾਨ ਬਣ ਕੇ ਆਪਣਾ ਬੈਣ ਸਹਿਣ ਖਾਣ ਪੀਣ ਮਤਲਬ ਹਰ ਉ ਹਰ ਮੁਸੀਬਤ ਜੋ ਇਨਾ ਦੀ ਭਾਵ ਕਾਮ ਕ੍ਰੋਧ ਜੀ ਕਾਮ ਕ੍ਰੋਧ ਦੀ ਜਨਮਦਾਤਾ ਹੈ ਯਾਰ ਤੇ ਜੋਰੂ ਇਹਨਾਂ ਤੇ ਕਾਬੂ ਪਾ ਲੈਣਾ ਆਪਣੇ ਆਪ ਨੂੰ ਸੰਜਮ ਵਿੱਚ ਰੱਖਣਾ ਇਹੋ ਜਿਹੀ ਕੋਈ ਵੀ ਤਾਮਸੀ ਭੋਜਨ ਇਹਨਾਂ ਚੀਜ਼ਾਂ ਨੂੰ ਬੜਾਵਾ ਦੇਣ ਵਾਲਾ ਨਾ ਸੇਵਾ ਕੀਤਾ ਜਾਵੇ ਨਾ ਹੀ ਕੋਈ ਇਹ ਗਲਤ ਕੰਮ ਕੀਤੇ ਜਾਣ ਮੇਰਾ ਫਿਰ ਦਿਲ ਨਹੀਂ ਕਰਦਾ ਅਸੀਂ ਸ਼ਿਕਾਰ ਹੋ ਕੇ ਦੂਸਰੇ ਪੇ ਛੋੜ ਦੇਣੀ ਚਾਹੀਏ ਕਿ ਮੈਨੇ ਇਨਸਾਨੀਅਤ ਤੋਂ ਗਿਰੇ ਹੋਏ ਚੀਜ਼ ਪਰਿਵਾਰ ਸਮਾਜ ਦੇ ਜੋ ਅੱਜ ਨਰਕ ਦਾ ਰੂਪ ਧਾਰਨ ਕਰ ਚੁੱਕਿਆ ਹੈ ਉਸ ਤੋਂ ਬਚ ਸਕੀਏ ਇਹੀ ਇੱਕੋ ਇੱਕ ਹੱਲ ਹੈ ਅੱਜ ਸਾਰੀਆਂ ਹੀ ਸਰੀਰਕ ਮਾਣਦੀਆਂ ਬਿਮਾਰੀਆਂ ਜੋ ਸਭ ਦੀ ਇਹ ਜੜ ਹੈ ਮੁੱਕ ਜਾਣ ਨਾਲ ਸਾਰੀਆਂ ਮੁਸ਼ਕਲਾਂ ਆਟੋਮੈਟਿਕਲੀ ਆਪਣੇ ਆਪ ਹੱਲ ਹੋ ਜਾਣਗੀਆਂ ਤੋ ਇਸਦਾ ਕਿਰਪਾਰ ਕਰਕੇ ਸੁਧਾਰ ਕਰਕੇ ਵਿਰੋਧ ਕਰਕੇ ਪੀਡੀਐਫ ਨਾਟਕ ਪ੍ਰਸਤਾਵ ਕਹਾਣੀ ਦਾ ਰੂਪ ਦੇਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

# ਵਿਸ਼ਵ ਭਾਈ ਮਰਦਾਨਾ ਸੋਸਾਇਟੀ ਵੱਲੋਂ ਮਹੰਤ ਰੇਸ਼ਮ ਸਿੰਘ ਜੀ ਸੇਖਵਾਂ ਨੂੰ ਸਨਮਾਨਿਤ ਕੀਤਾ ਗਿਆ



**ਫ਼ਿਰੋਜ਼ਪੁਰ, 24 ਜੂਨ (ਮਨੋਹਰ ਲਾਲ) :—** ਵਿਸ਼ਵ ਭਾਈ ਮਰਦਾਨਾ ਸੋਸਾਇਟੀ ਵੱਲੋਂ ਅੱਜ ਨਿਰਮਲ ਸੰਪਰਦਾ ਦੇ ਮਹੰਤ ਰੇਸ਼ਮ ਸਿੰਘ ਜੀ ਸੇਖਵਾਂ ਨੂੰ ਸਨਮਾਨਿਤ ਕੀਤਾ ਗਿਆ। ਮਹੰਤ ਰੇਸ਼ਮ ਸਿੰਘ ਜੀ ਸਵਰਗੀ ਸਰਦਾਰ ਹਰਪਾਲ ਸਿੰਘ ਭੁੱਲਰ ਦੇ ਪੁਰਾਣੇ ਸਹਿਯੋਗੀ ਸੱਜਣਾਂ ਵਿੱਚੋਂ ਇੱਕ ਹਨ ਅਤੇ ਮਹੰਤ ਰੇਸ਼ਮ ਸਿੰਘ ਨਿਰਮਲ ਸੰਪਰਦਾ ਦੇ ਮੁਖੀ ਵੀ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹਨ। ਇਹ ਜਾਣਕਾਰੀ ਸਾਂਝੀ ਕਰਦਿਆਂ ਭਾਈ ਮਰਦਾਨਾ ਸੋਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਕਿਹਾ ਕਿ ਅੱਜ ਸੁਸਾਇਟੀ ਵੱਲੋਂ ਨਿਰਮਲ ਸੰਪਰਦਾ ਦੇ ਮੁਖੀ ਮਹੰਤ ਰੇਸ਼ਮ ਸਿੰਘ ਨੂੰ ਸਨਮਾਨਿਤ ਕੀਤਾ ਗਿਆ ਪਿੰਡ ਸੇਖਵਾਂ ਵਿੱਚ ਉਨ੍ਹਾਂ ਨੇ ਬਹੁਤ ਹੀ ਸੁੰਦਰ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ ਹੁਣ ਉੱਥੇ ਬਹੁਤ ਹੀ ਵੱਡਾ ਲੰਗਰ ਹਾਲ ਵੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਹੰਤ ਜੀ ਵੱਲੋਂ ਸਮਾਣਾ ਦੇ ਨੇੜੇ ਵੀ ਬਹੁਤ ਹੀ ਸੁੰਦਰ ਅਸਥਾਨ ਬਣਾਏ ਜਾ ਰਹੇ ਹਨ ਜਿੱਥੇ ਸੰਗਤਾਂ ਨਤਮਸਤਕ ਹੁੰਦੀਆਂ ਹਨ, ਗੁਰੂ ਮਹਾਰਾਜ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਨ੍ਹਾਂ ਤੇ ਬਹੁਤ ਅਪਾਰ ਕਿਰਪਾ ਹੈ। ਗੁਰੂ ਦੁਆਰਾ ਭਾਈ ਮਰਦਾਨਾ ਜੀ ਹਾਲ ਨੇੜੇ ਸਿਵਲ ਹਸਪਤਾਲ ਵਿਖੇ ਬਰਤਨਾਂ ਦੀ ਲੋੜ ਮੁਤਾਬਕ ਅਸੀਂ ਤਕਰੀਬਨ 300 ਥਾਲ ਲਈ ਮਹੰਤ ਜੀ ਨੂੰ ਬੇਨਤੀ ਕੀਤੀ ਸੀ, ਉਨ੍ਹਾਂ ਨੇ ਸਾਡੀ ਬੇਨਤੀ ਮੰਨਦੇ ਹੋਏ 300 ਥਾਲ ਵਿਸ਼ਵ ਭਾਈ ਮਰਦਾਨਾ ਸੁਸਾਇਟੀ ਨੂੰ ਜਲਦੀ ਹੀ ਦੇਣ ਦਾ ਭਰੋਸਾ ਦਵਾਇਆ। ਸੁਸਾਇਟੀ ਵੱਲੋਂ ਸਮੂਹ ਮੈਂਬਰਾਂ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ ਅਤੇ ਮਹੰਤ ਜੀ ਨੂੰ ਸਲਾਨਾ ਭਾਈ ਮਰਦਾਨਾ ਪ੍ਰੋਗਰਾਮ ਵਿੱਚ ਆਉਣ ਲਈ ਵੀ ਬੇਨਤੀ ਕੀਤੀ ਗਈ। ਇਸ ਮੌਕੇ ਪਰਮਜੀਤ ਸਿੰਘ ਔਲਖ, ਦਰਸ਼ਨ ਲਾਲ ਹੀਰਾ, ਰਣਬੀਰ ਸਿੰਘ ਰਾਣਾ, ਮਨੋਹਰ ਲਾਲ, ਹਰਦੀਪ ਸਿੰਘ ਸਰਪੰਚ ਰਜੀਵਾਲਾ, ਰਾਜੇਸ਼ ਕੁਮਾਰ ਮੌਜੂਦ ਸਨ।

# ਰੋਟਰੀ ਕਲੱਬ ਫ਼ਿਰੋਜ਼ਪੁਰ ਦੇ ਕਿਰਪਾਲ ਸਿੰਘ ਮੱਕੜ ਬਣੇ ਪ੍ਰਧਾਨ



**ਫ਼ਿਰੋਜ਼ਪੁਰ, 24 ਜੂਨ (ਮਨੋਹਰ ਲਾਲ) :—**ਰੋਟਰੀ ਕਲੱਬ ਫ਼ਿਰੋਜ਼ਪੁਰ ਦੇ ਰੋਟਰੀ ਇੰਟਰਨੈਸ਼ਨਲ ਮੈਂਬਰਾਂ ਦੀ ਮੀਟਿੰਗ ਰੋਟੇਰੀਅਨ ਦਿਨੇਸ਼ ਕਟਾਰੀਆ ਦੀ ਪ੍ਰਧਾਨਗੀ ਹੇਠ ਸਾਲ 2025—26 ਦੇ ਪ੍ਰਧਾਨ ਲਈ ਰੋਟਰੀ ਕਲੱਬ ਵਿਖੇ ਹੋਈ। ਇਸ ਮੀਟਿੰਗ ਵਿਚ ਪ੍ਰਦੀਪ ਬਿੰਦਰਾ, ਰਾਕੇਸ਼ ਚਾਵਲਾ, ਡਾਕਟਰ ਸੁਰਿੰਦਰ ਸਿੰਘ ਕਪੂਰ, ਲਵਕੇਸ਼ ਕੱਕੜ, ਸੁਰਿੰਦਰ ਨਾਰੰਗ, ਵਿਜੇ ਧਵਨ, ਸੋਹਣ ਲਾਲ ਖੱਤਰੀ, ਅਜੇ ਬਜਾਜ, ਕਿਰਪਾਲ ਸਿੰਘ ਮੱਕੜ, ਭਾਰਤ ਸ਼ਰਮਾ, ਪ੍ਰਿਥਵੀ ਰਾਜ ਮੌਂਗਾ ਅਤੇ ਸੰਦੀਪ ਸਿੰਗਲਾ ਹਾਜ਼ਰ ਹੋਏ। ਇਸ ਮੌਕੇ ਰੋਟਰੇਰੀਅਨ ਕਿਰਪਾਲ ਸਿੰਘ ਮੱਕੜ ਦੀ ਸਾਲ 2021—22 ਦੀ ਪ੍ਰਧਾਨਗੀ ਦੀ ਵਧੀਆ ਕਾਰਗੁਜਾਰੀ ਨੂੰ ਮੁੱਖ ਰੱਖਦੇ ਹੋਏ ਸਰਵਸੰਮਤੀ ਨਾਲ ਸਾਲ 2025—26 ਦਾ ਮੁੜ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਸਰਵਸੰਮਿਤੀ ਨਾਲ ਸਾਲ 2025—26 ਦਾ ਰੋਟੇਰੀਅਨ ਸੰਦੀਪ ਸਿੰਗਲਾ ਨੂੰ ਜਨਰਲ ਸਕੱਤਰ ਅਤੇ ਰੋਟੇਰੀਅਨ ਦਿਨੇਸ਼ ਕਟਾਰੀਆ ਨੂੰ ਕੈਸ਼ੀਅਰ ਥਾਪਿਆ ਗਿਆ। ਇਸ ਮੌਕੇ ਰੋਟੇਰੀਅਨ ਕਿਰਪਾਲ ਸਿੰਘ ਮੱਕੜ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ ਸਮੂਹ ਮੈਂਬਰਾਂ ਨੂੰ ਵਿਸਵਾਸ਼ ਦਿਵਾਉਂਦਿਆਂ ਨਵਨਿਯੁਕਤ ਪ੍ਰਧਾਨ ਨੇ ਕਿਹਾ ਕਿ ਉਹ ਇਸ ਸਾਲ ਪਿਛਲੇ ਸਾਲ ਨਾਲੋਂ ਵੀ ਜਿਆਦਾ ਵਧੀਆ ਕਾਰਗੁਜਾਰੀ ਕਰਨਗੇ।

# ਅਜੇ ਵੀ ਵੇਲਾ ਹੈ ਦਾਗੀ ਹੋਈ ਅਕਾਲੀ ਲੀਡਰਸ਼ਿਪ ਨਵੀ ਲੀਡਰਸ਼ਿਪ ਨੂੰ ਮੌਕਾ ਦੇਵੇ, ਪੰਥ ਅਤੇ ਪੰਜਾਬ ਨਕਾਰੀ ਹੋਈ ਲੀਡਰਸ਼ਿਪ ਨੂੰ ਕਦੇ ਵੀ ਪ੍ਰਵਾਨ ਨਹੀ ਕਰੇਗਾ : ਜਥੇਦਾਰ ਕਰਨੈਲ ਸਿੰਘ ਪੀਰਮੁਹੰਮਦ



**ਲੁਧਿਆਣਾ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਦੀ ਹੋਈ ਸ਼ਰਮਨਾਕ ਹਾਰ ਤੇ ਪਾਰਟੀ ਦੇ ਉਮੀਦਵਾਰ ਦੀ ਜਮਾਨਤ ਜਬਤ ਹੋਣ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਰਨਲ ਸਕੱਤਰ ਅਤੇ ਬੁਲਾਰੇ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਬੇਹੱਦ ਅਫਸੋਸ ਪ੍ਰਗਟਾਇਆ ਹੈ । ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਹਲਕੇ ਵਿੱਚ ਸਿੱਖ ਵੋਟਰਾ ਦੀ ਵੱਡੀ ਗਿਣਤੀ ਹੋਣ ਦੇ ਬਾਵਜੂਦ ਪੰਥ ਦੀ ਨੁਮਾਇਦਾ ਜਮਾਤ, 'ਜੋ ਹੁਣ ਪੰਥ ਦੇ ਭਗੌੜੇ ਧੜੇ ਦੇ ਰੂਪ ਵਿੱਚ ਹੈ' ਦੇ ਉਮਦੀਵਾਰ ਦੀ ਸ਼ਰਮਨਾਕ ਹਾਰ ਅਤੇ ਜਮਾਨਤ ਤੱਕ ਜ਼ਬਤ ਹੋਣਾ ਸਪੱਸ਼ਟ ਕਰਦਾ ਹੈ ਕਿ ਸਿੱਖ ਵੋਟਰ ਅਤੇ ਆਮ ਲੋਕ ਬਹੁਤ ਜ਼ਿਆਦਾ ਨਰਾਜ਼ ਹੈ। ਜੋ ਵੋਟ ਪਈ ਉਸ ਵੋਟ ਵਿੱਚ ਵੀ ਉਮੀਦਵਾਰ ਦੇ ਕਿਰਦਾਰ ਤੇ ਕੰਮਾਂ ਦੀ ਵੀ ਵੱਡੇ ਹਿੱਸੇ ਦੀ ਵੋਟ ਸ਼ਾਮਲ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲ਼ੀ ਦਲ ਦਾ ਕੋਈ ਵੀ ਨੁਮਾਇੰਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੋ ਭਗੌੜਾ ਹੋਵੇ, ਇਹ ਸਿੱਖ ਸੰਗਤ ਤੇ ਪੰਜਾਬੀਆਂ ਨੂੰ ਕਦੇ ਵੀ ਬਰਦਾਸ਼ਤ ਨਹੀ ਹੈ ਇਸ ਲਈ ਬਿਨਾ ਦੇਰ ਕੀਤੇ 2 ਦਸਬੰਰ ਦੇ ਹੁਕਮਨਾਮੇ ਮੁਤਾਬਿਕ ਤੁਰੰਤ ਪੰਥ ਦੀ ਨੁਮਾਇੰਦਾ ਜਮਾਤ (ਸ਼੍ਰੋਮਣੀ ਅਕਾਲੀ ਦਲ) ਪੰਥ ਦੇ ਹਵਾਲੇ ਕਰਨੀ ਚਾਹੀਦੀ ਹੈ। ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਇਕਬਾਲ ਸਿੰਘ ਝੂੰਦਾਂ ਕਮੇਟੀ ਦੀਆਂ ਸਿਫਾਰਸ਼ਾਂ ਵਾਲੀ ਰਿਪੋਰਟ ਤੋਂ ਬਾਅਦ ਹੀ ਸੁਖਬੀਰ ਸਿੰਘ ਬਾਦਲ ਨੂੰ ਸਰਗਰਮ ਸਿਆਸਤ ਤੋਂ ਪਾਸੇ ਹਟ ਜਾਣਾ ਚਾਹੀਦਾ ਸੀ ਹੁਣ ਵੀ ਜਨਤਾ ਦੇ ਫਤਵੇ ਦਾ ਸਤਿਕਾਰ ਕਰਨਾ ਚਾਹੀਦਾ ਹੈ। ਪੀਰਮੁਹੰਮਦ ਨੇ ਇੱਕ ਵਾਰ ਫਿਰ ਸੁਖਬੀਰ ਸਿੰਘ ਬਾਦਲ ਨੂੰ ਸਲਾਹ ਦਿੰਦੇ ਕਿਹਾ ਕਿ, ਜੇਕਰ ਸੁਖਬੀਰ ਸਿੰਘ ਬਾਦਲ ਨੇ ਸਿਆਸੀ ਸਫਾਂ ਵਿੱਚ ਆਪਣੇ ਆਪ ਨੂੰ ਬਣਾਏ ਰੱਖਣਾ ਚਾਹੁੰਦੇ ਹਨ ਤਾਂ ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਦੀ ਕੀਤੀ ਅਵੱਗਿਆ ਲਈ ਓਹ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਾਕੇ ਮੁੜ ਆਪਣੀ ਭੁੱਲ ਜਰੂਰ ਬਖਸ਼ਾਉਣ, ਗੁਰੂ ਦਾ ਦਰ ਬਖਸ਼ਣਹਾਰ ਹੈ। ਕਰਨੈਲ ਸਿੰਘ ਪੀਰਮੁਹੰਮਦ ਕਿਹਾ ਕਿ, 'ਹਾਰ ਦਰ ਹਾਰ' ਅਤੇ ਓਹ ਵੀ ਜਮਾਨਤ ਜ਼ਬਤ ਰੂਪ ਵਿੱਚ ਸ਼ਰਮਨਾਕ ਹਾਰ ਦਾ ਲਗਾਤਾਰ ਸਿਲਸਿਲਾ ਜਾਰੀ ਰਹਿਣਾ ਸਾਫ ਕਰਦਾ ਹੈ ਕਿ ਸੁਖਬੀਰ ਬਾਦਲ ਅਤੇ ਉਹਨਾਂ ਦੇ ਸਾਥੀ ਸਲਾਹਕਾਰ ਆਪਣੀ ਬਤੌਰ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਪਹਿਲਾਂ ਹੀ ਅਗਵਾਈ ਗੁਆ ਚੁੱਕੇ ਸਨ। ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਸੁਖਬੀਰ ਧੜੇ ਵਿੱਚ ਬੈਠੇ ਅਕਾਲੀ ਸੋਚ ਦੇ ਹਿਤੈਸ਼ੀ ਆਗੂਆਂ ਅਤੇ ਵਰਕਰਾਂ ਨੂੰ ਜੋਰਦਾਰ ਅਪੀਲ ਕੀਤੀ ਕਿ ,ਓਹ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਪੂਰਨ ਰੂਪ ਵਿੱਚ ਸਮਰਪਿਤ ਹੁੰਦੇ ਹੋਏ ਸੱਚ ਦਾ ਸਾਥ ਦੇਣ ਤੇ ਪੰਜ ਮੈਬਰੀ ਕਮੇਟੀ ਦੀ ਅਗਵਾਈ ਵਿੱਚ ਭਰਤੀ ਮੁਹਿੰਮ ਦਾ ਹਿੱਸਾ ਬਣਨ ਅਤੇ ਨਵੀਂ ਲੀਡਰਸ਼ਿਪ ਦੀ ਅਗਵਾਈ ਹੇਠ ਪੰਥਕ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਉਣ।

ਆਵਾਜ਼ਿ ਕੌਮ AWAZE QAUM International Newspaper & WEB TV

ਸੰਤ ਬਾਬਾ ਜਸਵੰਤ ਸਿੰਘ ਸੋਢੀ ਗੁਰਮਤਿ ਵਿਦਿਆਲਾ ਪਿੰਡ ਆਸਲ ਉਤਾੜ ਅਸਥਾਨ ਵਿਖੇ

# ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਥਾ ਰਾਹੀਂ ਸੰਗਤਾਂ ਨੂੰ ਕੀਤਾ ਨਿਹਾਲ










ਸੰਤ ਬਾਬਾ ਜਸਵੰਤ ਸਿੰਘ ਸੋਢੀ ਗੁਰਮਤਿ ਵਿਦਿਆਲਾ ਪਿੰਡ ਆਸਲ ਉਤਾੜ ਅਸਥਾਨ ,ਨੇੜੇ ਭੂਰਾ ਕੋਹਨਾ, ਵਿਖੇ ਕਥਾ ਰਾਹੀਂ ਸੰਗਤਾਂ ਨੂੰ ਸੰਬੋਧਨ ਕਰਦੇ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਸਿੰਘ ਸਭਾ ਸਾਊਥਾਲ ਵਿੱਚ ਹੋਈਆਂ ਕੌਮ ਵਿਰੋਧੀ ਸਰਗਰਮੀਆਂ ਨਿੰਦਣਯੋਗ

## ਸਿੱਖ ਦੁਸ਼ਮਣ ਤਾਕਤਾਂ ਹੁਣ ਗੁਰੂਘਰਾਂ ਤੱਕ ਪਹੁੰਚ ਗਈਆਂ ਹਨ

ਜੂਨ ਦਾ ਮਹੀਨਾ ਸਿੱਖ ਕੌਮ ਲਈ ਅਜਿਹਾ ਮਹੀਨਾ ਹੈ ਜਿਸ ਮਹੀਨੇ ਦੌਰਾਨ ਅਜੋਕੀ ਸਿੱਖ ਕੌਮ ਨੂੰ ਭਾਰਤ ਨਾਲ ਆਪਣੇ ਰਿਸ਼ਤੇ ਦੀ ਅਸਲੀਅਤ ਦੀ ਸਮਝ ਪਈ ਸੀ। ਜੂਨ 1984 ਵਿੱਚ ਸਾਡੇ ਪਵਿੱਤਰ ਗੁਰੂਧਾਮਾਂ ਉੱਤੇ ਹੋਏ ਭਾਰਤੀ ਫੌਜਾਂ ਦੇ ਹਮਲੇ ਨੇ ਸਿੱਖਾਂ ਨੂੰ ਭਾਰਤੀ ਕੌਮ ਅਤੇ ਭਾਰਤੀ ਸਟੇਟ ਨਾਲੋਂ ਨਿਖੇੜ ਦਿੱਤਾ ਸੀ। ਉਸ ਦਿਨ ਸਿੱਖਾਂ ਲਈ ਆਪਣੇ ਇਤਿਹਾਸ ਦਾ ਜ਼ੀਰੋ ਆਵਰ ਸੀ। ਜੂਨ 1984 ਨੇ ਅਜੋਕੀ ਸਿੱਖ ਕੌਮ ਦੀ ਤਕਦੀਰ ਘੜੀ ਹੈ। ਉਨ੍ਹਾਂ ਭਿਆਨਕ ਹਮਲਿਆਂ ਨੇ ਜਿੱਥੇ ਸਿੱਖ ਕੌਮ ਵਿੱਚ ਸੌਂ ਰਹੇ ਕੌਮੀ ਜਜਬੇ ਨੂੰ ਪ੍ਰਚੰਡ ਕੀਤਾ ਉੱਥੇ ਹੀ ਸਿੱਖਾਂ ਵਿੱਚ ਆਪਣੀ ਵੱਖਰੀ ਸਟੇਟ ਦੀ ਕਾਇਮੀ ਲਈ ਸੰਘਰਸ਼ ਵੀ ਸ਼ੁਰੂ ਹੋਇਆ। ਹਜਾਰਾਂ ਸਿੱਖ ਸੂਰਮਿਆਂ ਨੇ ਆਪਣੇ ਘਰਾਂ ਦਾ ਮੋਹ ਤਿਆਗਕੇ ਆਪਣੇ ਕੌਮੀ ਘਰ ਲਈ ਰਣਤੱਤੇ ਵਿੱਚ ਜੂਝਦੇ ਹੋਏ ਸ਼ਹੀਦੀਆਂ ਦਾ ਜਾਮ ਪੀਤਾ। ਜੂਨ 1984 ਨੇ ਸਿੱਖਾਂ ਨੂੰ ਉਸ ਸੰਗਠਿਤ ਪਹਿਚਾਣ ਨਾਲ ਜੋੜਿਆ ਜਿਹੜੀ ਪਹਿਲਾਂ ਭਾਰਤ ਸਰਕਾਰ ਦੇ ਝੂਠੇ ਸੁਪਨਿਆਂ ਅਤੇ ਸਿੱਖ ਲੀਡਰਸ਼ਿੱਪ ਦੇ ਲਾਲਚਾਂ ਕਾਰਨ ਮੱਠੀ ਪੈ ਗਈ ਸੀ।

**ਵਿਚਾਰ ਆਪੋ-ਆਪਣਾ**

ਜੂਨ 1984 ਅਤੇ ਖਾੜਕੂ ਲਹਿਰ ਦੇ ਸ਼ਹੀਦਾਂ ਨੇ ਸਿੱਖਾਂ ਨੂੰ ਇੱਕ ਸੰਗਠਿਤ ਪਹਿਚਾਣ ਦਿੱਤੀ ਜਿਸਦਾ ਅੰਤਿਮ ਨਿਸ਼ਾਨਾ ਸਿੱਖਾਂ ਦਾ ਕੌਮੀ ਘਰ ਉਸਾਰਨ ਦਾ ਹੈ। ਸਿੱਖ ਖਾੜਕੂ ਲਹਿਰ ਨੇ ਜਿਹੜੀ ਕੌਮੀ ਪਹਿਚਾਣ ਸਿਰਜੀ ਉਹ ਜਿੱਥੇ ਸਿੱਖਾਂ ਲਈ ਮਾਣ ਕਰਨ ਵਾਲੀ ਗੱਲ ਹੈ ਉੱਥੇ ਹੀ ਭਾਰਤ ਸਰਕਾਰ ਪੈਰ ਪੈਰ ਉੱਤੇ ਸਿੱਖਾਂ ਦੀ ਨਿਵੇਕਲੀ ਪਹਿਚਾਣ ਨੂੰ ਖਤਮ ਕਰਨ ਅਤੇ ਸਿੱਖ ਮਨਾਂ ਵਿੱਚੋਂ ਅਜ਼ਾਦ ਰਾਜ ਦਾ ਸੁਪਨਾ ਖਤਮ ਕਰਨ ਲਈ ਵੱਡੀ ਪੱਧਰ ਉੱਤੇ ਯਤਨਸ਼ੀਲ ਹੈ। ਇੱਕ ਪਾਸੇ ਭਾਰਤ ਸਰਕਾਰ ਆਪਣੇ ਵਸੀਲਿਆਂ ਰਾਹੀਂ ਸਿੱਖ ਲੀਡਰਸ਼ਿੱਪ ਨੂੰ ਲਾਲਚ ਵਸ ਜਾਂ ਡਰਾ ਧਮਕਾਕੇ ਕੌਮੀ ਨਿਸ਼ਾਨੇ ਤੋਂ ਭਟਕਾਉਣ ਦੇ ਯਤਨ ਕਰ ਰਹੀ ਹੈ ਦੂਜੇ ਪਾਸੇ ਭਾਰਤ ਸਰਕਾਰ ਨੇ ਦੇਸ਼-ਵਿਦੇਸ਼ ਦੀਆਂ ਯੂਨੀਵਰਸਿਟੀਆਂ, ਹੋਰ ਵਿਦਿਅਕ ਸੰਸਥਾਵਾਂ ਅਤੇ ਮੀਡੀਆ ਵਿੱਚ ਆਪਣੇ ਏਜੰਟ ਫਿੱਟ ਕਰਕੇ ਸਿੱਖਾਂ ਨੂੰ ਵਿਚਾਰਧਾਰਕ ਅਤੇ ਮਾਨਸਿਕ ਤੌਰ ਤੇ ਹਰਾਉਣ ਦੇ ਯਤਨ ਜਾਰੀ ਰੱਖੇ ਹੋਏ ਹਨ। ਭਾਰਤ ਸਰਕਾਰ ਦੇ ਰਹਿਮੋਕਰਮ ਅਧੀਨ ਬਹੁਤ ਸਾਰੇ ਸਿੱਖ ਵਿਦਵਾਨ ਸਿੱਖਾਂ ਦੀ ਨਿਆਰੀ ਕੌਮੀ ਹਸਤੀ, ਸਿੱਖਾਂ ਦੇ ਧਰਮ ਦੀ ਵਿਆਖਿਆ ਅਤੇ ਉਸ ਵਿਆਖਿਆ ਰਾਹੀਂ ਸਿੱਖਾਂ ਨੂੰ ਭਾਰਤੀ ਧਰਮ-ਨਿਰਪੱਖਤਾ ਦੇ ਜੂਲੇ ਦਾ ਗੁਲਾਮ ਬਣਾਉਣ ਲਈ ਯਤਨ ਕਰ ਰਹੇ ਹਨ। ਅਜਿਹੇ ਵਿਦਵਾਨ ਜਿੱਥੇ ਗੁਰਬਾਣੀ ਦੀ ਬ੍ਰਹਾਮਣਵਾਦੀ ਵਿਆਖਿਆ ਕਰਕੇ ਸਿੱਖਾਂ ਨੂੰ ਮਾਨਸਿਕ ਤੌਰ ਤੇ ਹਰਾਉਣ ਦਾ ਯਤਨ ਕਰ ਰਹੇ ਹਨ ਉੱਥੇ ਹੀ ਖਾੜਕੂ ਲਹਿਰ ਦੀ ਸਪਸ਼ਟ ਵਿਰੋਧਤਾ ਕਰਕੇ ਕੌਮ ਨੂੰ ਇਹ ਦਰਸਾਉਣ ਦਾ ਯਤਨ ਕਰ ਰਹੇ ਹਨ ਕਿ ਸਿੱਖਾਂ ਨੂੰ ਆਪਣੇ ਨਿਆਰੇਪਣ ਦੇ ਅਧਾਰ ਤੇ ਕੌਮੀ ਸੰਘਰਸ਼ ਕਰਨ ਦੀ ਲੋੜ ਨਹੀ ਹੈ ਬਲਕਿ ਸਿੱਖਾਂ ਨੂੰ ਭਾਰਤੀ ਸਿਸਟਮ ਵਿੱਚ ਹੀ ਦਿਨ ਕਟੀ ਕਰਨੀ ਚਾਹੀਦੀ ਹੈ।

ਅਜਿਹੇ ਹੀ ਅਣਗਿਣਤ ਵਿਦਵਾਨਾਂ ਵਿੱਚੋਂ ਇੱਕ ਹੈ, ਅਰਵਿੰਦਪਾਲ ਸਿੰਘ ਮੰਡੇਰ ਜੋ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਬ੍ਰਾਹਮਣੀ ਵਿਆਖਿਆ ਕਰਨ ਦਾ ਮਾਹਰ ਹੈ। ਉਹ ਅਮਰੀਕਾ ਦੀ ਕਿਸੇ ਯੂਨੀਵਰਸਿਟੀ ਵਿੱਚ ਸਿੱਖ ਸਟੱਡੀਜ਼ ਦੀ ਚੇਅਰ ਤੇ ਬੈਠਾ ਹੈ ਪਰ ਕੰਮ ਸਿੱਖ ਕੌਮ ਨੂੰ ਹਿੰਦੂਵਾਦ ਦੇ ਖਾਰੇ ਸਮੁੰਦਰ ਵਿੱਚ ਡੋਬ ਦੇਣ ਦੇ ਕਰ ਰਿਹਾ ਹੈ। ਆਪਣੀਆਂ ਕਿਤਾਬਾਂ ਰਾਹੀਂ ਇਹ ਸਖਸ਼ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਬੈਠੇ ਸਿੱਖ ਨੌਜਵਾਨਾਂ ਦੇ ਇੱਕ ਵੱਡੇ ਹਿੱਸੇ ਨੂੰ ਇਹ ਦੱਸਣ ਵਿੱਚ ਕਾਮਯਾਬ ਹੋ ਗਿਆ ਹੈ ਕਿ ਸਾਨੂੰ ਗੁਰਬਾਣੀ ਦੀ ਉਹ ਵਿਆਖਿਆ ਕਰਨੀ ਅਤੇ ਸਮਝਣੀ ਚਾਹੀਦੀ ਹੈ ਜਿਹੜੀ ਸਿੱਖਾਂ ਨੂੰ ਧਰਮ ਦੇ ਅਧਾਰ ਉੱਤੇ ਕੌਮ ਨਹੀ ਸਿਰਜਦੀ। ਇਸ ਵਿਆਖਿਆ ਨੂੰ ਉਹ ਬ੍ਰਹਿਮੰਡੀ ਵਿਆਖਿਆ ਦੇ ਧੋਖੇਭਰੇ ਸ਼ਬਦਾਂ ਰਾਹੀਂ ਪੇਸ਼ ਕਰਦਾ ਹੈ ਤਾਂ ਕਿ ਸਿੱਖਾਂ ਨੂੰ ਉਸਦੀ ਅਸਲੀ ਸਾਜਿਸ਼ ਸਮਝ ਨਾ ਆਵੇ। ਅਸਲ ਵਿੱਚ ਅਰਵਿੰਦਪਾਲ ਮੰਡੇਰ ਦੀ ਕਥਿਤ ਬ੍ਰਹਿਮੰਡੀ ਵਿਆਖਿਆ, ਹਿੰਦੂ ਵਿਆਖਿਆ ਹੈ। ਵੈਦਿਕ ਵਿਆਖਿਆ ਹੈ, ਬ੍ਰਾਹਮਣੀ ਵਿਆਖਿਆ ਹੈ ਜੋ ਸ਼ੁੱਧ ਖਾਲਸਾਈ ਪਹਿਚਾਣ ਨੂੰ ਉਭਰਨ ਨਹੀਂ ਦੇਂਦੀ ਅਤੇ ਜਿਹੜੀ ਖਾਲਸਾਈ ਪਹਿਚਾਣ 1984 ਦੇ ਘੱਲੂਘਾਰੇ ਤੋਂ ਬਾਅਦ ਪੈਦਾ ਹੋਈ ਹੈ ਅਰਵਿੰਦਪਾਲ ਮੰਡੇਰ ਬਹੁਤ ਸਾਜਿਸ਼ ਨਾਲ ਉਸ ਸਿੱਖ ਪਹਿਚਾਣ ਨੂੰ ਤਬਾਹ ਕਰਕੇ ਸਿੱਖਾਂ ਨੂੰ ਬ੍ਰਾਹਮਣੀ ਢੰਗ ਨਾਲ ਸੋਚਣ ਦੀ ਸਿਖਿਆ ਦੇ ਰਿਹਾ ਹੈ।

ਸਾਡੀ ਬਦਕਿਸਮਤੀ ਇਹ ਹੈ ਕਿ ਸਿੱਖ ਦੁਸ਼ਮਣ ਤਾਕਤਾਂ ਨਾਲ ਮਿਲਕੇ ਸਿੱਖੀ ਦੀ ਬ੍ਰਾਹਮਣੀ ਵਿਆਖਿਆ ਕਰਨ ਵਾਲਾ ਇਹ ਸ਼ਖਸ਼ ਹੁਣ ਸਾਡੇ ਸਤਿਕਾਰਯੋਗ ਗੁਰੂਘਰਾਂ ਦੀਆਂ ਸਟੇਜਾਂ ਤੇ ਪਹੁੰਚਕੇ ਮੀਸਣੇ ਸ਼ਬਦਾਂ ਨਾਲ ਸਾਡੇ ਗੁਰਧਾਮਾਂ ਤੋਂ ਹੀ ਸਿੱਖੀ ਦੀ ਬਿਪਰਵਾਦੀ ਵਿਆਖਿਆ ਪੇਸ਼ ਕਰਨ ਦੇ ਯਤਨ ਕਰ ਰਿਹਾ ਹੈ। ਪਿਛਲੇ ਦਿਨੀ ਇਹ ਸਿੱਖ ਵਿਰੋਧੀ ਵਿਦਵਾਨ, ਸਿੰਘ ਸਭਾ ਸਾਊਥਾਲ ਦੇ ਗਿਆਨੀ ਦਿੱਤ ਸਿੰਘ ਹਾਲ ਵਿੱਚ ਸਿੱਖਾਂ ਨੂੰ ਬ੍ਰਾਹਮਣੀ ਜਾਲ ਵਿੱਚ ਫਸਾਉਣ ਲਈ ਲੰਬਾ ਚੌੜਾ ਭਾਸ਼ਣ ਕਰਕੇ ਗਿਆ ਹੈ। ਸਿੱਖ ਸੰਗਤਾਂ ਨੂੰ ਇੱਥੇ ਦੱਸ ਦੇਈਏ ਕਿ ਅਰਵਿੰਦਪਾਲ ਮੰਡੇਰ, ਸਿੰਘ ਸਭਾ ਲਹਿਰ ਦਾ ਸਭ ਤੋਂ ਵੱਡਾ ਵਿਰੋਧੀ ਹੈ। ਉਸਦਾ ਆਖਣਾਂ ਹੈ ਕਿ ਸਿੰਘ ਸਭਾ ਲਹਿਰ ਤੋਂ ਪਹਿਲਾਂ ਸਿੱਖਾਂ ਨੇ ਬਹੁਤ ਹੀ ਸੌਖ ਨਾਲ ਬ੍ਰਾਹਮਣਵਾਦ ਦਾ ਜੂਲਾ ਆਪਣੇ ਗਲ ਪੁਆ ਲਿਆ ਹੋਇਆ ਸੀ। ਸਿੱਖ ਗੁਰਧਾਮਾਂ ਦੀਆਂ ਪਰਕਰਮਾਂ ਵਿੱਚ ਮੂਰਤੀਆਂ ਟਿਕਾ ਦਿੱਤੀਆਂ ਗਈਆਂ ਸਨ, ਸਿੱਖ ਬ੍ਰਾਹਮਣੀ ਢੰਗ ਨਾਲ ਗੁਰਬਾਣੀ ਦੀ ਵਿਆਖਿਆ ਕਰਦੇ ਸਨ, ਕੌਮ ਨੇ ਹਿੰਦੂ ਪਰੰਪਰਾਵਾਂ ਨੂੰ ਆਪਣੀਆਂ ਪਰੰਪਰਾਵਾਂ ਸਮਝ ਕੇ ਆਪਣੇ ਜੀਵਨ ਦਾ ਅੰਗ ਬਣਾ ਲਿਆ ਸੀ। ਅਰਵਿੰਦਪਾਲ ਮੰਡੇਰ ਦਾ ਸਭ ਤੋਂ ਵੱਡਾ ਹਮਲਾ, ਸਿੰਘ ਸਭਾ ਲਹਿਰ ਤੇ ਹੋ ਰਿਹਾ ਹੈ। ਉਹ ਆਖਦਾ ਹੈ ਕਿ ਸਿੰਘ ਸਭਾ ਲਹਿਰ ਨੇ ਸਿੱਖਾਂ ਨੂੰ, ਬ੍ਰਾਹਮਣੀ ਸੋਚ ਵਿੱਚੋਂ ਬਾਹਰ ਕੱਢਕੇ ਅਤੇ ਇੱਕ ਨਿਆਰੀ ਕੌਮ ਵੱਜੋਂ ਸਿਰਜਕੇ ਬਹੁਤ ਵੱਡਾ ਗੁਨਾਹ ਕੀਤਾ ਹੈ। ਸਿੰਘ ਸਭਾ ਸਾਊਥਾਲ ਦੀ ਸਟੇਜ ਉੱਤੇ ਜੇ ਸਿੰਘ ਸਭਾ ਲਹਿਰ ਦਾ ਸਭ ਤੋਂ ਕੱਟੜ ਦੁਸ਼ਮਣ ਆਕੇ ਆਪਣੀ ਬ੍ਰਾਹਮਣੀ ਵਿਆਖਿਆ ਦੇ ਪਰਵਚਨ ਦੇ ਰਿਹਾ ਹੈ ਤਾਂ ਇਸਤੋਂ ਵੱਡੀ ਧਾਰਮਕ ਗਲਤੀ ਕੀ ਹੋ ਸਕਦੀ ਹੈ। ਫਿਰ ਗਿਆਨੀ ਦਿੱਤ ਸਿੰਘ, ਸਿੰਘ ਸਭਾ ਲਹਿਰ ਦੇ ਸਭ ਤੋਂ ਵੱਡੇ ਵਿਦਵਾਨ ਸਨ। ਉਨ੍ਹਾਂ ਦੀ ਯਾਦ ਵਿੱਚ ਕਾਇਮ ਕੀਤੇ ਗਏ ਹਾਲ ਵਿੱਚ, ਗਿਆਨੀ ਦਿੱਤ ਸਿੰਘ ਦੀ ਵਿਚਾਰਧਾਰਾ ਦੇ ਖਿਲਾਫ ਬੋਲਣ ਦੀ ਇਜਾਜਤ ਦੇਣਾਂ, ਸਿੰਘ ਸਭਾ ਸਾਊਥਾਲ ਦੇ ਪਰਬੰਧਕਾਂ ਦੀ ਬੇਸਮਝੀ ਦਾ ਪਰਤੀਕ ਹੈ। ਇੱਥੇ ਇਹ ਦੱਸਦੇ ਜਾਈਏ ਕਿ ਅਰਵਿੰਦਪਾਲ ਮੰਡੇਰ ਨੇ ਸਿਰਫ ਸਿੱਖਾਂ ਨੂੰ ਹਿੰਦੂਵਾਦ ਵਿੱਚ ਜਜਬ ਕਰਨ ਲਈ ਕਿਤਾਬਾਂ ਹੀ ਨਹੀ ਲਿਖੀਆਂ ਬਲਕਿ ਇਹ ਇੱਕ ਇੰਟਰਨੈਟ ਰਸਾਲੇ, ਫਾਰਮੇਸ਼ਨਜ਼ ਦਾ ਵੀ ਸੰਪਾਦਕ ਹੈ ਜਿਸ ਵਿੱਚ ਇੰਦਰਾ ਗਾਂਧੀ ਨੂੰ ਸ਼ਹੀਦ ਦੇ ਤੌਰ ਤੇ ਵਡਿਆਇਆ ਗਿਆ ਹੈ ਅਤੇ ਇੰਦਰਾ ਗਾਂਧੀ ਦੀ ਕਥਿਤ ਸ਼ਹਾਦਤ ਦੇ ਬਹੁਤ ਸੋਹਲੇ ਗਾਏ ਗਏ ਹਨ ਜਦੋਂਕਿ ਵੀਹਵੀ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਬਾਰੇ ਜਲਾਲਤ ਭਰਪੂਰ ਲਿਖਤਾਂ ਲਿਖੀਆਂ ਹੋਈਆਂ ਹਨ। ਅਰਵਿੰਦਪਾਲ ਮੰਡੇਰ ਦੇ ਰਸਾਲੇ ਫਾਰਮੇਸ਼ਨ ਦੀ ਜੇ ਡੂੰਘੀ ਪੜਤਾਲ ਕੀਤੀ ਜਾਵੇ ਤਾਂ ਉਹ ਸਾਰਾ ਹੀ ਰਸਾਲਾ ਸਿੱਖਾਂ ਦੀ ਨਿਆਰੀ ਕੌਮੀ ਹਸਤੀ ਨੂੰ ਤਬਾਹ ਕਰਨ ਦੇ ਯਤਨਾਂ ਨਾਲ ਭਰਪੂਰ ਹੈ। ਜੇ ਅਜਿਹੇ ਕਥਿਤ ਵਿਦਵਾਨ ਨੂੰ ਸਿੰਘ ਸਭਾ ਸਾਊਥਾਲ ਦੀ ਸਟੇਜ ਤੇ ਆਪਣੇ ਸਿੱਖ ਵਿਰੋਧੀ ਪਰਵਚਨ ਕਰਨ ਦੀ ਇਜਾਜਤ ਦਿੱਤੀ ਗਈ ਤਾਂ ਇਸ ਲਈ ਪ੍ਰਬੰਧਕ ਕਮੇਟੀ ਨੂੰ ਸੋਚਣਾਂ ਚਾਹੀਦਾ ਹੈ।

ਆਓ ਹੁਣ ਅਰਵਿੰਦਪਾਲ ਮੰਡੇਰ ਦੀ ਸਿੱਖ ਵਿਰੋਧੀ ਸਿਧਾਂਤਕਾਰੀ ਦਾ ਵਿਸ਼ਲੇਸ਼ਣ ਕਰੀਏ।

ਸੰਨ 2003 ਵਿੱਚ ਜਦੋਂ ਸਿੱਖਾਂ ਨੇ ਆਪਣੀ ਨਿਆਰੀ ਅੱਡਰੀ ਹਸਤੀ ਨੂੰ ਦਰਸਾਉਂਦਾ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਤਾਂ ਸੰਘ ਪਰਵਾਰ ਦੇ ਮੁਖੀ ਸੁਦਰਸ਼ਨ ਨੇ ਇੱਕਦਮ ਅੰਮ੍ਰਿਤਸਰ ਸਾਹਿਬ ਆਕੇ ਉਸ ਕੈਲੰਡਰ ਵਿਰੁੱਧ ਬਿਆਨ ਦਿੱਤਾ। ਸਿਰਫ ਬਿਆਨ ਹੀ ਨਹੀ ਦਿੱਤਾ ਬਲਕਿ ਸਿੱਖ ਲੀਡਰਸ਼ਿੱਪ ਤੇ ਦਬਾਅ ਪਾਕੇ ਉਸਨੂੰ ਰੱਦ ਕਰਵਾਉਣ ਲਈ ਵੀ ਮਨਾਇਆ। ਆਪਣੇ ਬਿਆਨ ਵਿੱਚ ਸੁਦਰਸ਼ਨ ਨੇ ਆਖਿਆ ਕਿ ਅੰਗਰੇਜ਼ੀ ਦਾ ਸ਼ਬਦ ਰਿਲੀਜਨ, ਧਰਮ ਦੀ ਅਸਲ ਵਿਆਖਿਆ ਨਹੀ ਕਰਦਾ। ਜਿਹੜੀ ਗੱਲ ਸੰਘ ਪਰਿਵਾਰ ਦਾ ਮੁਖੀ ਸੁਦਰਸ਼ਨ ਆਖ ਰਿਹਾ ਹੈ ਉਹ ਹੀ ਵਿਆਖਿਆ ਧਰਮ ਦੀ ਅਰਵਿੰਦਪਾਲ ਮੰਡੇਰ ਕਰ ਰਿਹਾ ਹੈ। ਉਹ ਆਖ ਰਿਹਾ ਹੈ ਕਿ ਸਿੱਖ ਧਰਮ ਦੀ ਪੱਛਮੀ ਵਿਆਖਿਆ ਸਹੀ ਨਹੀ ਹੈ। ਭਾਵ ਕਿ ਸੰਘ ਪਰਿਵਾਰ ਅਤੇ ਅਰਵਿੰਦਪਾਲ ਮੰਡੇਰ ਦੀ ਸੂਈ ਇੱਕੋ ਜਗ੍ਹਾ ਤੋਂ ਘੁੰਮ ਰਹੀ ਹੈ। ਅਰਵਿੰਦਪਾਲ ਮੰਡੇਰ ਨੇ ਸਿੰਘ ਸਭਾ ਸਾਊਥਾਲ ਵਿੱਚ ਜੋ ਭਾਸ਼ਣ ਦਿੱਤਾ ਉਸਦੇ ਸਿੱਖਾਂ ਲਈ ਕਿੰਨੇ ਖਤਰਨਾਕ ਸਿੱਟੇ ਨਿਕਲ ਸਕਦੇ ਹਨ ਆਓ ਉਸਤੇ ਵਿਚਾਰ ਕਰੀਏ। ਅਸੀਂ ਵਾਰ ਵਾਰ ਆਖ ਰਹੇ ਹਾਂ ਕਿ ਭਾਰਤੀ ਸਰਕਾਰ ਅਤੇ ਅਰਵਿੰਦਪਾਲ ਮੰਡੇਰ ਸਿੱਖਾਂ ਦੀ ਨਿਆਰੀ ਅਤੇ ਵੱਖਰੀ ਪਹਿਚਾਣ ਦੀ ਚੇਤਨਾ ਨੂੰ ਤਬਾਹ ਕਰਨ ਦਾ ਕਾਰਜ ਕਰ ਰਹੇ ਹਨ। ਭਾਰਤ ਸਰਕਾਰ ਨੇ ਇਹ ਕਾਰਜ 1947 ਤੋਂ ਬਾਅਦ ਦਾ ਹੀ ਸ਼ੁਰੂ ਕਰ ਰੱਖਿਆ ਹੈ। 1984 ਦਾ ਹਮਲਾ ਇਸ ਨਿਆਰੀ ਚੇਤਨਾ ਉੱਤੇ ਵੱਡਾ ਹਮਲਾ ਸੀ। ਅਰਵਿੰਦਪਾਲ ਮੰਡੇਰ, ਬ੍ਰਹਿਮੰਡੀ ਸੋਚ ਦਾ ਓਹਲਾ ਕਰਕੇ ਅਤੇ ਬ੍ਰਹਿਮੰਡੀ ਸੋਚ ਨੂੰ ਮੋਹਰੇ ਵਾਂਗ ਵਰਤਕੇ ਅਸਲ ਵਿੱਚ ਸਿੱਖਾਂ ਦੀ ਨਿਆਰੀ ਹਸਤੀ ਬਾਰੇ ਉਭਰੀ ਚੇਤਨਾ ਨੂੰ ਖਤਮ ਕਰਨਾ ਚਾਹੁੰਦਾ ਹੈ। ਉਸਦਾ ਕਹਿਣਾਂ ਹੈ ਕਿ ਭਾਰਤ ਸਰਕਾਰ ਹੱਥੋਂ ਸਿੱਖ ਜੁਝਾਰੂਆਂ ਦੀ ਹਾਰ ਸਾਡੇ ਲਈ ਬਹੁਤ ਚੰਗੀ ਗੱਲ ਹੈ। ਇਸਨੂੰ ਹਾਰ ਵੱਜੋਂ ਨਹੀ ਲੈਣਾਂ ਚਾਹੀਦਾ ਬਲਕਿ ਜਿੱਤ ਵੱਜੋਂ ਲੈਣਾਂ ਚਾਹੀਦਾ ਹੈ ਕਿਉਂਕਿ ਖਾੜਕੂ ਸੰਘਰਸ਼ ਦੀ ਹਾਰ ਨੇ, ਗੁਰਮਤ ਨੂੰ ਪਹਿਚਾਣ ਦੀ ਰਾਜਨੀਤੀ ਨਾਲੋਂ ਵੱਖ ਕਰਨ ਦਾ ਵੱਡਾ ਮੌਕਾ ਮੁਹੱਈਆ ਕਰਵਾਇਆ ਹੈ। ਹੁਣ ਸਿੱਖਾਂ ਨੂੰ ਸਿਰਫ ਮੰਤਰ ਪੜ੍ਹਨ ਤੱਕ ਸੀਮਤ ਰਹਿਣਾਂ ਚਾਹੀਦਾ ਹੈ। ਸਿਰਫ ਕੀਰਤਨ-ਕਥਾ ਤੱਕ ਮਹਿਦੂਦ ਰਹਿਣਾਂ ਚਾਹੀਦਾ ਹੈ। ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਸੇਧ ਲੈਕੇ ਵੱਖਰੇ ਮੁਲਕ ਦੀ ਸਥਾਪਤੀ ਲਈ ਰਾਜਨੀਤਿਕ ਸਰਗਰਮੀ ਨਹੀ ਕਰਨੀ ਚਾਹੀਦੀ ਕਿਉਂਕਿ ਭਾਰਤ ਸਰਕਾਰ ਨੇ ਖਾੜਕੂ ਲਹਿਰ ਦਾ ਲੱਕ ਤੋੜਕੇ ਇਸ ਨਿਆਰੀ ਹਸਤੀ ਵਾਲੀ ਰਾਜਨੀਤੀ ਦਾ ਭੋਗ ਪਾ ਦਿੱਤਾ ਹੈ। ਸਿੱਖ ਜਿੰਨੇ ਮਰਜੀ ਕੀਰਤਨ ਦਰਬਾਰ ਕਰਵਾਉ, ਢਾਡੀ ਦਰਬਾਰ ਕਰਵਾਉਣ ਪਰ ਨਿਆਰੀ ਕੌਮੀ ਹਸਤੀ ਬਾਰੇ ਕੋਈ ਸਰਗਰਮੀ ਨਾ ਕਰਨ।

ਅਰਵਿੰਦਪਾਲ ਮੰਡੇਰ ਅੱਗੇ ਆਖਦਾ ਹੈ ਕਿ, ਸਾਨੂੰ ਹਰ ਤਰ੍ਹਾਂ ਦਾ ਖਤਰਾ ਸਹੇੜਕੇ ਇਸ ਪਰੰਪਰਾ ਨੂੰ ਖਤਮ ਕਰਨਾ ਚਾਹੀਦਾ ਹੈ ਜਿਹੜੀ ਸਿੱਖਾਂ ਵਿੱਚ ਹਿੰਦੂਆਂ ਨਾਲੋਂ ਵੱਖਰੀ ਅਤੇ ਨਿਆਰੀ ਕੌਮੀ ਹਸਤੀ ਦੀ ਚੇਤਨਾ ਜਗਾਉਂਦੀ ਹੈ। ਪਰੰਪਰਾ ਨੂੰ ਖਤਮ ਕਰਨ ਤੋਂ ਮੰਡੇਰ ਦਾ ਭਾਵ ਹੈ ਕਿ, ਗੁਰਮਤ ਅਤੇ ਸਿੱਖ ਪਹਿਚਾਣ ਨੂੰ ਵੱਖਰਾ ਕਰਨ ਲਈ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਵਾਰ ਵਾਰ ਪੜ੍ਹਿਆ ਜਾਵੇ ਅਤੇ ਉਹ ਸ਼ਬਦ ਸਿੱਖਾਂ ਦੇ ਮਨ ਵਿੱਚ ਵਸਾਏ ਜਾਣ ਜਿਹੜੇ ਸਿਰਫ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹਨ। ਜਿਨ੍ਹਾਂ ਵਿੱਚੋਂ ਅਜ਼ਾਦੀ ਦੀ ਚੇਤਨਾ ਨਹੀ ਨਿਕਲਦੀ। ਮੰਡੇਰ ਇਹ ਭੁੱਲ ਰਿਹਾ ਹੈ ਕਿ ਸਾਂਝੀਵਾਲਤਾ ਵੀ ਨਿੱਜਵਾਦ ਵਿੱਚ ਹੀ ਵਾਸ ਕਰਦੀ ਹੈ। ਮੰਡੇਰ ਹੋਰ ਆਖਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਫਲਸਫਾ ਸਾਰਿਆਂ ਨੂੰ ਆਪਣੇ ਨਾਲ ਲੈਕੇ ਚੱਲਣ ਦਾ ਸੰਦੇਸ਼ ਦੇਂਦਾ ਹੈ ਇਸ ਲਈ ਸਾਨੂੰ ਇਹ ਅਪਨਾਉਣਾਂ ਚਾਹੀਦਾ ਹੈ। ਮੰਡੇਰ ਇਹ ਭੁੱਲ ਰਿਹਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਹਿੰਦੂ ਤਰਜ਼ੇ-ਜਿੰਦਗੀ ਉੱਤੇ ਜਿੰਨਾ ਤਿੱਖਾ ਹਮਲਾ ਕੀਤਾ ਹੈ ਉਸ ਤੋਂ ਬਾਅਦ ਉਸ ਸੱਭਿਅਤਾ ਨਾਲ ਸਿੱਖਾਂ ਦੇ ਕਿਸੇ ਰਿਸ਼ਤੇ ਦਾ ਸਵਾਲ ਹੀ ਨਹੀ ਰਹਿੰਦਾ।

ਅਰਵਿੰਦਪਾਲ ਮੰਡੇਰ ਹੋਰ ਆਖਦਾ ਹੈ ਕਿ ਪੱਛਮ ਦੇ ਧਾਰਮਕ ਫਲਸਫੇ ਨੇ ਵੱਖ ਵੱਖ ਕੌਮਾਂ ਵਿੱਚ ਆਪਣੀ ਨਿਆਰੀ ਪਹਿਚਾਣ ਦੀ ਚੇਤਨਾ ਜਗਾ ਦਿੱਤੀ ਹੈ ਜਿਸਨੇ ਦੁਨੀਆਂ ਭਰ ਵਿੱਚ ਸੰਕਟ ਲਿਆ ਦਿੱਤਾ ਹੈ। ਇਸੇ ਲਈ ਮੰਡੇਰ ਧਰਮ ਦੀ ਪੱਛਮੀ ਵਿਆਖਿਆ ਦਾ ਵਿਰੋਧ ਕਰਦਾ ਹੈ ਜਿਵੇਂ ਸੰਘ ਪਰਿਵਾਰ ਦਾ ਮੁਖੀ ਕਰਦਾ ਹੈ, ਪਰ ਉਹ ਹਿੰਦੂ ਪਰੰਪਰਾ ਦੇ ਸਿਧਾਂਤਕ ਅਤੇ ਸਰੀਰਕ ਜੁਲਮਾਂ ਖਿਲਾਫ ਇੱਕ ਵੀ ਸ਼ਬਦ ਨਹੀ ਬੋਲਦਾ।

ਮੰਡੇਰ ਆਖਦਾ ਹੈ ਕਿ ਪੱਛਮੀ ਵਿਦਵਾਨਾਂ ਹੀਗਲ ਅਤੇ ਇਮੀਉਨਲ ਕਾਂਤ ਨੇ ਜਿਹੜੀ ਧਰਮ ਦੀ ਵਿਆਖਿਆ ਦਿੱਤੀ ਹੈ ਉਹ ਸਿੱਖਾਂ ਨੂੰ ਨਹੀ ਅਪਨਾਉਣੀ ਚਾਹੀਦੀ। ਬਲਕਿ ਸਿੱਖਾਂ ਨੂੰ ਪਰੰਪਰਾਵਾਦੀ ਵਿਆਖਿਆ ਅਪਨਾਉਣੀ ਚਾਹੀਦੀ ਹੈ। ਪਰੰਪਰਾਵਾਦੀ ਵਿਆਖਿਆ ਤੋਂ ਉਸਦਾ ਭਾਵ ਸਿੱਖਾਂ ਦੀ ਹਿੰਦੂਵਾਦੀ ਵਿਆਖਿਆ ਤੋਂ ਹੈ। ਪਾਠਕਾਂ ਨੂੰ ਦੱਸ ਦੇਈਏ ਕਿ ਜਰਮਨ ਵਿਦਵਾਨਾਂ, ਹੀਗਲ ਅਤੇ ਇਮੀਉਨਲ ਕਾਂਤ ਨੇ ਜਿਹੜੀ ਧਰਮ ਦੀ ਵਿਆਖਿਆ ਪੇਸ਼ ਕੀਤੀ ਸੀ ਉਸਦੇ ਅਧਾਰ ਤੇ ਯੂਰਪ ਦੀਆਂ ਬਹੁਤ ਸਾਰੀਆਂ ਕੌਮਾਂ ਨੇ ਆਪਣੇ ਅਜ਼ਾਦ ਮੁਲਕ ਸਿਰਜ ਲਏ ਸਨ। ਇਨ੍ਹਾਂ ਵਿਦਵਾਨਾਂ ਨੇ ਧਰਮ ਦੇ ਅਧਾਰ ਤੇ ਮਜਬੂਤ ਕੌਮਾਂ ਸਿਰਜ ਦਿੱਤੀਆਂ ਸਨ। ਮੰਡੇਰ ਇਸੇ ਲਈ ਧਰਮ ਦੀ ਪੱਛਮੀ ਵਿਆਖਿਆ ਤੋਂ ਖਹਿੜਾ ਛੁਡਾ ਕੇ ਸਿੱਖਾਂ ਨੂੰ ਕਥਿਤ ਬ੍ਰਹਿਮੰਡੀ ਵਿਆਖਿਆ ਦੇ ਪਿੱਛੇ ਲਗਾ ਰਿਹਾ ਹੈ ਤਾਂ ਕਿ ਸਿੱਖਾਂ ਵਿੱਚੋਂ ਅਜ਼ਾਦ ਮੁਲਕ ਸਿਰਜਣ ਦੀ ਇੱਛਾ ਖਤਮ ਹੋ ਜਾਵੇ। ਮੰਡੇਰ ਦਾ ਸਾਰਾ ਜੋਰ ਸਿੱਖਾਂ ਦੀ ਕੌਮੀ ਹਸਤੀ ਨੂੰ ਖਤਮ ਕਰਨ, ਇੰਦਰਾ ਗਾਂਧੀ ਨੂੰ ਸ਼ਹੀਦ ਵੱਜੋਂ ਪੇਸ਼ ਕਰਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਬਾਰੇ ਸਿੱਖ ਮਨਾਂ ਵਿੱਚ ਨਫਰਤ ਪੈਦਾ ਕਰਨ ਤੇ ਲੱਗਾ ਹੋਇਆ ਹੈ।

ਉਹ ਹੋਰ ਆਖਦਾ ਹੈ ਕਿ ਗਿਆਨ ਪ੍ਰਗਟਾਉਣ ਦੇ ਪੱਛਮੀ ਸਰੋਤਾਂ ਨੇ ਧਰਮ ਦੀ ਵਿਆਖਿਆ ਨੂੰ ਪਹਿਚਾਣ ਦੇ ਜੂਲੇ ਨਾਲ ਨੂੜ ਦਿੱਤਾ ਹੈ ਸਾਨੂੰ ਧਰਮ ਨਾਲੋਂ ਇਹ ਜੂਲਾ ਲਾਹੁਣਾਂ ਪੈਣਾਂ ਹੈ। ਧਰਮ ਦੇ ਉਨ੍ਹਾਂ ਸੰਗਲਾਂ ਨੂੰ ਹੁਣ ਤੋੜਨਾ ਪੈਣਾਂ ਹੈ ਜਿਹੜੇ ਕੌਮਾਂ ਵਿੱਚ ਸਵੈਮਾਣ ਭਰਦੇ ਹਨ ਉਨ੍ਹਾਂ ਨੂੰ ਆਪਣੀ ਹੋਣੀ ਬਾਰੇ ਜਾਗਰਿਤ ਕਰਦੇ ਹਨ। ਆਪਣੇ ਭਾਸ਼ਨ ਵਿੱਚ ਉਹ ਆਖਦਾ ਹੈ ਕਿ ਸਾਨੂੰ ਜਾਨਣਾਂ ਪਵੇਗਾ ਕਿ ਸਾਡਾ ਘਰ ਕਿਹੜਾ ਹੈ। ਕੌਮ ਦੀ ਪ੍ਰਭੂਸੱਤਾ ਕਿੱਥੇ ਵਾਸ ਕਰਦੀ ਹੈ। ਸਿੱਖਾਂ ਲਈ ਘਰ ਦਾ ਮਤਲਬ ਕੀ ਹੈ। ਫਿਰ ਆਪ ਹੀ ਜਵਾਬ ਦੇਂਦਾ ਹੈ ਕਿ ਸਿੱਖਾਂ ਲਈ ਘਰ ਆਪਣੀ ਮਾਂ ਧਰਤੀ ਪੰਜਾਬ ਨਹੀ ਹੈ ਬਲਕਿ ਬ੍ਰਹਿਮੰਡ ਹੈ। ਸੁਣਨ ਨੂੰ ਇਹ ਗੱਲ ਬਹੁਤ ਵਧੀਆ ਲਗਦੀ ਹੈ ਪਰ ਇਹ ਉਹ ਮਿੱਠੇ ਵਿੱਚ ਲਪੇਟਕੇ ਜਹਿਰ ਦੇ ਰਿਹਾ ਹੈ। ਕਿ ਸਿੱਖ ਪੰਜਾਬ ਨਾਲੋਂ ਆਪਣਾਂ ਨਾਤਾ ਤੋੜ ਲੈਣ। ਉਹ ਗੁਰੂਆਂ ਦੀ ਕਰਮ ਭੂਮੀ ਨੂੰ ਭੁੱਲਕੇ ਖਿੰਡ ਜਾਣ ਅਤੇ ਆਪਣੇ ਕੌਮੀ ਘਰ ਲਈ ਸੰਘਰਸ਼ ਨਾ ਕਰਨ। ਉਹ ਆਖਦਾ ਹੈ ਕਿ ਪ੍ਰਭੂਸੱਤਾ ਪੰਜਾਬ ਨਾਲ ਜੁੜੀ ਹੋਈ ਨਹੀ ਹੈ ਬਲਕਿ ਪੂਰੇ ਬ੍ਰਹਿਮੰਡ ਵਿੱਚ ਹੈ। ਭਾਵ ਸਿੱਖ ਪੰਜਾਬ ਦੀ ਅਜ਼ਾਦੀ ਦਾ ਸੁਪਨਾ ਛੱਡ ਦੇਣ।

ਹੁਣੇ ਜਿਹੇ ਇਸ ਗਰੋਹ ਨੇ ਪੰਜਾਬ ਵਿੱਚ ਸਿੱਖ ਫਿਲਾਸਫੀ ਦੀ ਵਿਆਖਿਆ ਬਾਰੇ ਇੱਕ ਅੰਗਰੇਜ਼ੀ ਦਾ ਮੈਗਜ਼ੀਨ ਅਰੰਭ ਕੀਤਾ ਹੈ ਜਿਸਦਾ ਨਾਅ ਹੈ ਸ਼ਬਦਾਰਥ। ਉਸ ਮੈਗਜ਼ੀਨ ਦੇ ਸੰਪਾਦਕੀ ਮੰਡਲ ਵਿੱਚ ਸ਼ਾਮਲ, ਰਜੇਸ਼ ਕੁਮਾਰ ਅਤੇ ਜਤਿੰਦਰ ਕੁਮਾਰ, ਖੱਬੇਪੱਖੀ ਵਿਦਵਾਨ ਹਨ ਜਿਹੜੇ ਸਿੱਖਾਂ ਦੀ ਨਿਆਰੀ ਹਸਤੀ ਦੇ ਕੱਟੜ ਵਿਰੋਧੀ ਹਨ। ਉਸ ਮੈਗਜ਼ੀਨ ਨੂੰ ਪੰਜਾਬ ਯੂਨੀਵਰਸਿਟੀ ਦੇ ਸੰਘ ਪਰਿਵਾਰ ਨਾਲ ਨੇੜਤਾ ਵਾਲੇ, ਗੁਰਪਾਲ ਸੰਧੂ ਤੋਂ ਜਾਰੀ ਕਰਵਾਇਆ ਗਿਆ ਹੈ।

ਇਸ ਨਵੇਂ ਮੈਗਜ਼ੀਨ ਵਿੱਚ ਆਖਿਆ ਗਿਆ ਹੈ ਕਿ ਅਸੀਂ ਹੁਣ ਯੂਨੀਵਰਸਿਟੀਆਂ ਅਤੇ ਗੁਰਦੁਆਰਿਆਂ ਨੂੰ ਇਕੱਠਾ ਕਰਕੇ ਚੱਲਾਂਗੇ। ਜਿਸਦਾ ਪਹਿਲਾ ਟੈਸਟ ਅਰਵਿੰਦਪਾਲ ਮੰਡੇਰ ਨੇ ਸਿੰਘ ਸਭਾ ਸਾਊਥਾਲ ਵਿੱਚ ਕਰ ਲਿਆ ਹੈ। ਅਸੀਂ ਇਸ ਲੇਖ ਰਾਹੀਂ ਸਿੱਖ ਸੰਗਤ ਨੂੰ ਦੱਸ ਦੇਣਾਂ ਚਾਹੁੰਦੇ ਹਾਂ ਕਿ ਦੁਸ਼ਮਣ ਤੁਹਾਡੇ ਗੁਰੂਘਰਾਂ ਤੱਕ ਆ ਪਹੁੰਚਾ ਹੈ। ਉਹ ਆਖ ਰਿਹਾ ਹੈ ਸਿੱਖਾਂ ਨੂੰ ਆਪਣੇ ਗੁਰੂ ਗਰੰਥ ਸਾਹਿਬ ਦੀ ਵਿਆਖਿਆ ਦਾ ਕੁਝ ਵੀ ਪਤਾ ਨਹੀ ਹੈ, ਸਿੱਖਾਂ ਨੂੰ ਹੁਣ ਅਸੀਂ ਦੱਸਾਂਗੇ ਕਿ ਗੁਰਬਾਣੀ ਦੇ ਕੀ ਅਰਥ ਹਨ ਅਤੇ ਸਿੱਖ ਇਤਿਹਾਸ ਨੂੰ ਕਿਵੇਂ ਦੇਖਣਾਂ ਹੈ। ਸ਼ਮੂਹ ਪੰਥ ਦਰਦੀ ਗੁਰਸਿੱਖਾਂ ਨੂੰ ਅਸੀਂ ਸੁਚੇਤ ਕਰਨਾ ਚਾਹੁੰਦੇ ਹਾਂ ਕਿ ਸਿੱਖਾਂ ਦੀ ਨਿਆਰੀ ਪਹਿਚਾਣ ਤੇ ਹੋ ਰਹੇ ਇਸ ਜਥੇਬੰਦਕ ਹਮਲੇ ਨੂੰ ਹੁਣ ਹੀ ਰੋਕ ਦੇਈਏ ਵਰਨਾ ਬਹੁਤ ਦੇਰ ਹੋ ਜਾਵੇਗੀ। ਬਹੁਤ ਸਾਰੇ ਵਿਦੇਸ਼ੀ ਸਿੱਖ ਇਨ੍ਹਾਂ ਪੰਥ ਵਿਰੋਧੀ ਤਾਕਤਾਂ ਦੇ ਝਾਂਸੇ ਵਿੱਚ ਫਸ ਗਏ ਹਨ।

**-ਪੰਜਾਬ ਸਿੰਘ**

# ਦਮਦਮੀ ਟਕਸਾਲ ਚੌਂਕ ਮਹਿਤਾ ਕੋਈ ਡੇਰਾ ਨਹੀਂ ਬਲਕਿ ਗੁਰਮਤਿ ਦੀ ਚਲਦੀ ਫਿਰਦੀ ਯੂਨੀਵਰਸਟੀ — ਪੰਜੋਲੀ

**ਨਵੀਂ ਦਿੱਲੀ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਬਹੁਤ ਸਾਰੇ ਲੋਕਾਂ ਦੇ ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾ ਵਾਲਿਆਂ ਵਿਚਾਰਧਾਰਿਕ ਮਤਿਭੇਦ ਹਨ। ਵਿਚਾਰਧਾਰਿਕ ਮਤਿਭੇਦ ਹੋਣੇ ਵੀ ਚਾਹੀਦੇ ਹਨ , ਅਜਿਹਾ ਕਰਨ ਨਾਲ ਸੰਸਥਾਵਾਂ ਦੇ ਮੁਖੀ ਸੁਚੇਤ ਵੀ ਰਹਿੰਦੇ ਹਨ । ਊਹਨਾ ਨੂੰ ਅਹਿਸਾਸ ਵੀ ਰਹਿੰਦਾ ਹੈ ਕਿ ਪੰਥ ਸਾਡੀ ਕਾਰਗੁਜ਼ਾਰੀ ਦਾ ਨੋਟਿਸ ਲੈ ਰਿਹਾ ਹੈ ।ਪਰਾਤੂੰ ਇੱਕ ਗੱਲ ਦਾ ਸਾਨੂੰ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਜਦੋਂ ਅਸੀਂ ਕਿਸੇ ਸੰਸਥਾ ਜਾਂ ਸੰਸਥਾ ਦੇ ਮੁੱਖ ਵਿਰੁੱਧ ਬੋਲਦੇ ਹਾਂ ਤਾਂ ਸਾਨੂੰ ਗੁਰਮਤਿ ਦੀ ਭਾਸ਼ਾ ਦਾ ਪੱਲਾ ਨਹੀਂ ਛੱਡਣਾ ਚਾਹੀਦਾ ।ਸਾਨੂੰ ਗੁਰਮਤਿ ਦੀ ਰਾਮਕਾਰ ਵਿੱਚ ਰਹਿੰਦਿਆਂ ਹੀ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ । ਮੈਂ ਵੇਖ ਰਿਹਾ ਕਿ ਅੱਜ ਕੱਲ ਫੇਸਬੁੱਕ ਉੱਤੇ ਜੋ ਇੱਕ ਦੂਸਰੇ ਵਿਰੁੱਧ ਇਲਜ਼ਾਮ ਤਰਾਸ਼ੀ ਕੀਤੀ ਜਾ ਰਹੀ ਉਸਦੀ ਭਾਸ਼ਾ ਬਹੁਤ ਅਸੱਭਿਅਕ ਹੁੰਦੀ ਹੈ । ਪਿਛਲੇ ਸਮੇਂ ਜਦੋਂ ਬਾਬ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਵਾਲੇ ਕੁੰਭ ਵਿਖੇ ਗਏ ਸਨ ਤਾਂ ਉਸ ਤੋ ਬਾਅਦ ਊਹਨਾ ਉੱਤੇ ਬਹੁਤ ਚਿੱਕੜ ਸੁੱਟਿਆ ਗਿਆ । ਕਿਸੇ ਨੇ ਵੀ ਬਾਬਾ ਹਰਨਾਮ ਸਿੰਘ ਵੱਲੋਂ ਖਾੜਕੂ ਲਹਿਰ ਸਮੇਂ ਕੀਤੀ ਸੇਵਾ ਨੂੰ ਵੀ ਨਹੀਂ ਵੇਖਿਆ ।ਮੈਂ ਅੱਜ ਪਹਿਲੀ ਵਾਰ ਲਿੱਖਣ ਲੱਗਿਆ ਹਾਂ ਕਿ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ ਨੂੰ ਅਮਰੀਕਾ ਚਲੇ ਜਾਣ ਦੀ ਸਲਾਹ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਨੇ ਦਿੱਤੀ ਸੀ ।ਮੈਂ ਅਤੇ ਬਾਬਾ ਹਰਨਾਮ ਜੀ ਨੇ ਖਾੜਕੂ ਸੰਘਰਸ਼ ਵਿੱਚ ਇਕੱਠਿਆਂ ਬਹੁਤ ਕੰਮ ਕੀਤਾ ਸੀ । ਇੱਕ ਦਿਨ ਟੌਹੜਾ ਸਾਹਿਬ ਨੂੰ ਕਿਸੇ ਪੁਲੀਸ ਅਧਕਾਰੀ ਜੋ ਊਹਨਾ ਦਾ ਵਿਸ਼ਵਾਸ ਪਾਤਰ ਸੀ ਨੂੰ ਕਿਹਾ ਕਿ ਬਾਬਾ ਹਰਨਾਮ ਸਿੰਘ ਖ਼ਾਲਸਾ ਆਖੋ ਬਾਹਰ ਲੰਘ ਜਾਣ ਊਹਨਾ ਉੱਤੇ ਸਰਕਾਰ ਦੀ ਨਿਗਾ ਬਹੁਤ ਤਿੱਖੀ ਹੈ । ਮੈਨੂੰ ਟੋਹੜਾ ਸਹਿਬ ਕਹਿਣ ਲੱਗੇ ਬਾਬਾ ਹਰਨਾਮ ਸਿੰਘ ਜੀ ਨੂੰ ਆਖੋ ਮੈਨੂੰ ਮਿਲਣ ।ਮੈਂ ਬਾਬਾ ਹਰਨਾਮ ਸਿੰਘ ਜੀ ਨੂੰ ਨਾਲ ਲੈ ਕੇ ਪਿੰਡ ਟੋਹੜੇ ਗਿਆ , ਟੋਹੜਾ ਸਾਹਿਬ ਨੇ ਬਾਬਾ ਜੀ ਨੂੰ ਕਿਹਾ ਕਿ ਜਿੰਨੀ ਛੇਤੀ ਹੋ ਸਕਦੇ ਬਾਹਰ ਨਿਕਲ ਜਾਓ ਸਰਕਾਰ ਦੀ ਨਿਗਾ ਤੁਹਾਡੇ ਪ੍ਰਤੀ ਸਵੱਲੀ ਨਹੀਂ ਹੈ । ਬਾਬਾ ਹਰਨਾਮ ਸਿੰਘ ਜੀ ਟੌਹੜਾ ਸਾਹਿਬ ਦੇ ਕਹਿਣ ਉੱਤੇ ਵਿਦੇਸ਼ ਗਏ ਸਨ । ਜਿਹਨਾਂ ਨਹੀਂ ਪਤਾ ਉਹ ਬੇਲੋੜੇ ਹੀ ਇਲਜ਼ਾਮ ਲਾਈ ਜਾ ਰਹੇ ਹਨ । ਦੂਸਰੇ ਭਾਈ ਵਿਧਾਵਾ ਸਿੰਘ ਨੂੰ ਵੀ ਟੋਹੜਾ ਸਾਹਿਬ ਨੇ ਗੁਰਦੁਆਰਾ ਸ ਰੰਗ ਸ੍ਰੀ ਫਤਹਿਗੜ ਸਾਹਿਬ ਵਿਖੇ ਮੇਰੇ ਸਾਹਮਣੇ ਆਖਿਆ ਕਿ ਜਿੱਧਰ ਨਿਕਲ ਸਕਦੇ ਹੋ ਨਿਕਲ ਜਾਓ ਉਸ ਸਮੇਂ ਊਹਨਾ ਨਾਲ ਅਮਰੀਕ ਸਿੰਘ ਕੌਲੀ ਵੀ ਸੀ । ਮੈਂ ਗੱਲ ਕਰ ਰਿਹਾ ਸੀ ਕਿ ਦਮਦਮੀ ਟਕਸਾਲ ਕੋਈ ਡੇਰਾ ਨਹੀਂ ਹੈ ਬਲਕਿ ਗੁਰਮਤਿ ਦੀ ਚਲਦੀ ਫਿਰਦੀ ਯੂਨੀਵਰਸਟੀ ਹੈ । ਇਸ ਨੇ ਬਹੁਤ ਸਾਰੇ ਵਿਦਵਾਨ ਵੀ ਪੈਦਾ ਕੀਤੇ ਹਨ ਅਤੇ ਬਹੁਤ ਸਾਰੇ ਯੋਧੇ ਵੀ ਪੈਦਾ ਕੀਤੇ ਹਨ ।ਖ਼ਾਲਸਾਈ ਜਜ਼ਬੇ ਵਿੱਚ ਕਿਵੇਂ ਰਹਿਣਾ ਹੈ ਇਹ ਵੀ ਇਸ ਸੰਸਥਾ ਵੱਲੋਂ ਸਿਖਾਇਆ ਜਾਂਦਾ ਹੈ । ਬਾਬਾ ਹਰਨਾਮ ਸਿੰਘ ਜੀ ਨੇ ਵੜੇ ਸਬਰ ਸਿਦਕ ਨਾਲ ਸਾਰੇ ਪੰਥ ਤੋ ਗਾਲਾਂ ਖਾ ਕੇ ਤਿੰਨ ਵੱਡੀਆਂ ਗੱਲਾਂ ਕੀਤੀਆਂ ਜੋ ਬਹੁਤ ਜਰੂਰੀ ਸਨ ।ਪਹਿਲੀ ਗੱਲ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾ ਵਾਲਿਆਂ ਦਾ ਸ਼ਹੀਦੀ ਦਿਹਾੜਾ ਮਨਾਉਣਾ ਸ਼ੁਰੂ ਕੀਤਾ । ਦੂਸਰੇ ਊਹਨਾ ਦੀ ਯਾਦਗਰ ਦਰਬਾਰ ਸਾਹਿਬ ਦੀਆਂ ਪਰਕਰਮਾ ਵਿੱਚ ਬਣਵਾਈ ਤੀਸਰੇ ਸ਼ਹੀਦੀ ਗੈਲਰੀ ਵੀ ਊਹਨਾ ਨੇ ਬਣਵਾਈ । ਇਸ ਦੇ ਬਾਵਯੂਦ ਵੀ ਅਗਰ ਕਿਸੇ ਕਿਸਮ ਦੇ ਊਹਨਾ ਨਾਲ ਮਤਿਭੇਦ ਹਨ ਊਹਨਾ ਪ੍ਰਤੀ ਅਪਣੇ ਵਿਚਾਰ ਪ੍ਰਗਟ ਕਰੋ ਪਰਾਤੂੰ ਭਾਸ਼ਾ ਤਾ ਗੁਰਮਤਿ ਅਨੁੰਸਾਰ ਵਰਤੋ ।ਮੇਰੀ ਬਹੁਤ ਅਦਬ ਨਾਲ ਬੇਨਤੀ ਹੈ ਕਿ ਅੱਜ ਦੀ ਪੀੜੀ ਨਾ ਕਿਸੇ ਦੀ ਸੇਵਾ ਵੇਖਦੀ ਹੈ ਨਾ ਹੀ ਕੁਰਬਾਨੀ ਵੇਖਦੀ ਹੈ ।ਮੈਂ ਜੁਝਾਰੂ ਲਹਿਰ ਵਿੱਚ 5 ਸਾਲ 7 ਮਹੀਨੇ 13 ਦਿਨ ਕੈਦ ਕੱਟੀ ਜਿਹਦੇ ਵਿੱਚ 3 ਵਾਰ ਨੈਸਨਲ ਸਕਿਊਰਟੀ ਅਧੀਨ ਨਜ਼ਰਬੰਦ ਰਿਹਾ ਹਾਂ। ਮੈ ਅਤੇ ਮੇਰੀ ਧਰਮ ਪਤਨੀ ਗੋਬਿੰਦਰਾਮ ਦੇ ਬੀਕੋਂ ਇੰਨਟੈਰੋਗੇਸਨ ਸੈਂਟਰ ਵਿੱਚ ਤਸ਼ੱਦਦ ਸਹਾਰਿਆ । ਤਿੰਨ ਵਾਰ ਗੋਲੀ ਵਿੱਚੋਂ ਬਚਿਆ ਹਾਂ ਇੱਕ ਵਾਰ ਤਾ ਮੌਤ ਸਿਰ ਉੱਤੇ ਦੀ ਲੰਘ ਕੇ ਗਈ ਹੈ । ਅੱਜ ਵੀ ਜਝਾਰੂ ਲਹਿਰ ਦੇ ਵਿੱਚ ਸ਼ਾਮਲ ਸਿੰਘਾ ਦੀ ਲਗਾਤਾਰ ਮਦਦ ਕਰਦਾ ਆ ਰਿਹਾ ਹਾਂ ।ਪਰ ਫੇਸਬੁੱਕ ਵਾਲੇ ਵੀਰ ਕਹਿਣਗੇ ਤੁਹਾਡੀ ਪੰਥ ਪ੍ਰਤੀ ਕੀ ਸੇਵਾ ਹੈ ।ਮੇਰੀ ਵੀਰਾਂ ਨੂੰ ਬੇਨਤੀ ਹੈ ਪੰਥ ਵਿੱਚ ਮੁਕੰਮਲ ਏਕਤਾ ਕੀਤੇ ਵਗੈਰ ਕੁੱਝ ਪ੍ਰਾਪਤੀ ਨਹੀਂ ਹੋ ਸਕਦੀ। ਭੁੱਲ ਚੁੱਕ ਦੀ ਖਿਮਾ-ਕਰਨੈਲ ਸਿੰਘ ਪੰਜੋਲੀ।



# ਕਨਿਸ਼ਕ ਬੰਬ ਧਮਾਕੇ ਵਿੱਚ ਮਾਰੇ ਗਏ ਬੇਕਸੂਰਾਂ ਦੀ ਹਮਦਰਦੀ ਵਿੱਚ ਸ਼ਾਂਤਮਈ ਇਕੱਤਰਤਾ




**ਨਵੀਂ ਦਿੱਲੀ 24 ਜੂਨ (ਮਨਪ੍ਰੀਤ ਸਿੰਘ ਖਾਲਸਾ)**:- 1985 ਏਅਰ ਇੰਡੀਆ ਫਲਾਈਟ 182 ਕਨਿਸ਼ਕ ਬੰਬ ਧਮਾਕੇ ਵਿੱਚ ਮਾਰੇ ਗਏ ਬੇਕਸੂਰਾਂ ਦੀ ਹਮਦਰਦੀ ਵਿੱਚ ਸ਼ਾਂਤਮਈ ਇਕੱਤਰਤਾ ਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ ਬਾਬਾ ਬੰਦਾ ਸਿੰਘ ਬਹਾਦਰ ਐਬਸਫੋਰਡ ਸਮੇਤ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਸ਼ਾਮਿਲ ਹੋਣ ਲਈ ਸਮੂਹ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਗਿਆ ਸੀ। ਏਅਰ ਇੰਡੀਆ ਫਲਾਈਟ 182 ਕਨਿਸ਼ਕ ਬੰਬ ਧਮਾਕੇ ਵਿੱਚ ਮਾਰੇ ਗਏ 329 ਯਾਤਰੀਆਂ ਦੇ ਲਈ ਸ਼ਰਧਾਂਜਲੀ ਸਮਾਗਮ 23 ਜੂਨ 2025 ਸ਼ਾਮ 6 ਵਜੇ ਵੈਨਕੂਵਰ ਸਟੈਨਲੀ ਪਾਰਕ ਵਿੱਚ ਰੱਖਿਆ ਗਿਆ ਸੀ ਜਿੱਥੇ ਏਅਰ ਇੰਡੀਆਕਨਿਸ਼ਕ ਕਾਂਡ ਦੀ ਯਾਦ ਵਿਚ ਮੈਮੋਰੀਅਲ ਅਸਥਾਨ ਬਣਿਆ ਹੋਇਆ ਹੈ । ਏਅਰ ਇੰਡੀਆ ਬੰਬ ਧਮਾਕੇ ਦੇ ਪੀੜਤਾਂ ਦੀ ਯਾਦ 'ਚ ਇੱਕ ਸਮਾਰੋਹ ਵਿੱਚ ਖਾਲਸਾ ਰਾਜ ਦੀ ਸਥਾਪਤੀ ਲਈ ਸੰਘਰਸ਼ ਕਰ ਰਹੇ ਆਜ਼ਾਦੀ ਪਸੰਦ ਸਿੱਖ ਵੀ ਇਕੱਠੇ ਹੋਏ ਸਨ । ਉਨ੍ਹਾਂ ਦੇ ਫਲਾਇਰ ਅਤੇ ਪੋਸਟਰ ਦੱਸਦੇ ਹਨ ਕਿ ਉਹ ਏਅਰ ਇੰਡੀਆ ਫਲਾਈਟ 182 ਦੇ ਬੰਬ ਧਮਾਕੇ ਦਾ ਸ਼ਿਕਾਰ ਹੋਏ ਕੈਨੇਡੀਅਨਾਂ ਦੇ ਪਰਿਵਾਰਾਂ ਨਾਲ ਇਕਜੁੱਟਤਾ ਦਿਖਾਉਣ ਲਈ ਉੱਥੇ ਹਾਜਿਰ ਹੋਏ ਹਨ। ਜਿਕਰਯੋਗ ਹੈ ਕਿ 23 ਜੂਨ 1985 ਵਾਲੇ ਦਿਨ 40 ਸਾਲ ਪਹਿਲਾਂ ਕਨੇਡਾ ਦੇ ਇਤਿਹਾਸ ਦਾ ਸਭ ਤੋਂ ਵੱਡਾ ਦੁਖਦਾਈ ਕਾਂਡ ਵਾਪਰਿਆ ਸੀ । ਏਅਰ ਇੰਡੀਆ ਦੀ ਫਲਾਈਟ 182 ਮੌਂਟੀਰੀਅਲ (ਕੈਨੇਡਾ) ਤੋਂ ਦਿੱਲੀ ਲਈ ਰਵਾਨਾ ਹੋਈ ਪਰ ਇਸ ਵਿਚ ਰੱਖੇ ਬੰਬ ਦੇ ਫਟ ਜਾਣ ਨਾਲ ਇਹ ਜਹਾਜ ਆਸਮਾਨ ਵਿਚ ਹੀ ਤਬਾਹ ਹੋ ਗਿਆ ਅਤੇ ਇਸ ਵਿੱਚ ਸਵਾਰ 329 ਨਿਰਦੋਸ਼ ਲੋਕ ਮਾਰੇ ਗਏ ਸਨ ।40 ਸਾਲ ਬੀਤ ਜਾਣ ਤੋਂ ਬਾਅਦ ਵੀ ਇਸ ਕਾਂਡ ਦੇ ਅਸਲ ਗੁਨਾਹਗਾਰ ਅੱਜ ਤੱਕ ਵੀ ਫੜੇ ਨਹੀਂ ਗਏ ਹਨ ਭਾਵੇਂ ਭਾਰਤ ਸਰਕਾਰ ਨੇ ਇਸ ਦਾ ਦੋਸ਼ ਸਿੱਖਾਂ ਸਿਰ ਮੜਨ ਦੀ ਪੂਰੀ ਕੋਸ਼ਿਸ਼ ਕੀਤੀ ਪਰ ਕੈਨੇਡਾ ਦੀ ਅਦਾਲਤ ਵਲੋਂ ਕਿਸੇ ਵੀ ਸਿੱਖ ਨੂੰ ਇਸ ਕਾਂਡ ਲਈ ਦੋਸ਼ੀ ਨਹੀਂ ਠਹਿਰਾਇਆ ਗਿਆ ।ਪਰ ਜਦੋਂ ਇਨਵੇਸਟੀਗੇਸ਼ਨ ਚੱਲ ਰਹੀ ਸੀ ਉਸ ਵਕਤ ਤਿੰਨ ਭਾਰਤੀ ਡਿਪਲੋਮੈਟਾਂ ਨੂੰ ਕੈਨੇਡਾ ਵਿੱਚੋਂ ਜ਼ਰੂਰ ਕੱਢ ਦਿੱਤਾ ਗਿਆ ਸੀ। ਉਮੀਦ ਹੈ ਕਿ ਇਸ ਬੰਬ ਕਾਂਡ ਦੇ ਅਸਲ ਦੋਸ਼ੀਆਂ ਨੂੰ ਇਕ ਦਿਨ ਜ਼ਰੂਰ ਸਜ਼ਾ ਮਿਲੇਗੀ ਅਤੇ ਪੀੜਤਾਂ ਨੂੰ ਇਨਸਾਫ ਮਿਲੇਗਾ। ਇਸ ਸਮਾਗਮ ਵਿੱਚ ਭਾਈ ਨਰਿੰਦਰ ਸਿੰਘ ਖਾਲਸਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਗੁਰਮੀਤ ਸਿੰਘ ਗਿੱਲ, ਭਾਈ ਮਨਜਿੰਦਰ ਸਿੰਘ ਖਾਲਸਾ, ਭਾਈ ਅਜੈਪਾਲ ਸਿੰਘ, ਭਾਈ ਰਣਜੀਤ ਸਿੰਘ ਖਾਲਸਾ, ਭਾਈ ਰਣਜੀਤ ਸਿੰਘ ਸਹੋਤਾ, ਭਾਈ ਦਲਜੀਤ ਸਿੰਘ, ਭਾਈ ਜੈਕ ਸਿੱਧੂ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਿਰੀ ਭਰ ਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਸਨ।

## 'ਆਪ' ਨੇ ਸੈਮੀਫਾਈਨਲ ਜਿੱਤਿਆ

# ਹੁਣ ਫਾਈਨਲ ਦੀ ਤਿਆਰੀ ਕੈਬਨਿਟ ਮੰਤਰੀ ਈ ਟੀ ਉ , ਜਲਾਲ ਉਸਮਾ, ਵਿਨੀਤ ਵਰਮਾ, ਬੂਟਾ ਸਿੰਘ






**ਚੌਂਕ ਮਹਿਤਾ, 24 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਆਮ ਆਦਮੀ ਪਾਰਟੀ ਨੇ ਸੈਮੀਫਾਈਨਲ ਵਿੱਚ ਵਿਰੋਧੀ ਪਾਰਟੀਆਂ ਨੂੰ ਹਰਾ ਕੇ ਵੱਡੀ ਜਿੱਤ ਹਾਸਿਲ ਕੀਤੀ ਹੈ ਅਤੇ ਹੁਣ ਪਾਰਟੀ ਨੇ ਫਾਈਨਲ ਦੀ ਤਿਆਰੀ ਖਿੱਚ ਦਿੱਤੀ ਹੈ।ਇਹ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ ਆਪ ਪਾਰਟੀ ਸ੍ਰੀ ਵਿਨੀਤ ਵਰਮਾ ਮੈਂਬਰ ਪੰਜਾਬ ਟਰੇਡਰਜ਼ ਕਮਿਸਨ ਪੰਜਾਬ ਸਰਕਾਰ, ਹਲਕਾ ਜੰਡਿਆਲਾ ਗੁਰੂ ਤੋਂ ਸੀਨੀਅਰ ਲੀਡਰ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਜਿਲਾ ਐਕਸਾਈਜ਼ ਐਂਡ ਟੈਕਸੇਸ਼ਨ ਕਮੇਟੀ ਦੇ ਸਲਾਹਕਾਰ ਕਮੇਟੀ ਦੇ ਮੈਂਬਰ ਪੰਜਾਬ ਸਰਕਾਰ ਅਤੇ ਜਿਲਾ ਵਾਈਸ ਪ੍ਰਧਾਨ ਵਾਪਾਰ ਮੰਡਲ ਵਿੰਗ ਅੰਮ੍ਰਿਸਰ,ਬੂਟਾ ਸਿੰਘ ਜਲਾਲ ਮੀਡੀਆ ਇੰਨਚਾਰਜ ਰਈਆ ਹਲਕਾ ਜੰਡਿਆਲਾ ਗੁਰੂਨੇ ਲੁਧਿਆਣਾ ਜਿਮਨੀ ਚੋਣ ਵਿੱਚ ਆਪ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਹੋਈ ਜਿੱਤ ਉਪਰੰਤ ਗੱਲਬਾਤ ਕਰਦਿਆਂ ਕੀਤਾ ਪੰਜਾਬ ਦੇ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ ਨੇ ਕਿਹਾ ਕਿ ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀਆਂ ਨੀਤੀਆਂ ਉੱਤੇ ਲੁਧਿਆਣਾ ਵੈਸਟ ਦੇ ਵੋਟਰਾਂ ਨੇ ਮੋਹਰ ਲਗਾਈ ਹੈ ਅਤੇ ਨਤੀਜਾ ਸਪੱਸ਼ਟ ਹੈ ਕਿ ਮਾਨ ਸਰਕਾਰ ਹੀ ਲੋਕਾਂ ਦੀ ਹਮਦਰਦ ਸਰਕਾਰ ਹੈ ਅਤੇ 2027 ਵਿੱਚ ਦੁਬਾਰਾ ਆਪ ਪਾਰਟੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰੇਗੀ। ਉਨ੍ਹਾਂ ਅੱਗੇ ਦੱਸਿਆ ਕਿ ਅੱਜ ਗੁਜਰਾਤ ਦੀ ਵਿਸਾਵਦਰ ਵਿਧਾਨ ਸਭਾ ਦੀ ਜਿਮਨੀ ਚੋਣ ਦੇ ਆਏ ਨਤੀਜੇ ਵਿੱਚ ਵੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੋਪਾਲ ਅਟਾਲੀਆ ਨੇ ਵੱਡੀ ਜਿੱਤ ਪ੍ਰਾਪਤ ਕੀਤੀ ਹੈ। ਕੈਬਨਿਟ ਮੰਤਰੀ ਵਿਨੀਤ ਵਰਮਾ, ਹਰਜਿੰਦਰ ਸਿੰਘ ਜਲਾਲ ਉਸਮਾ ਨੇ ਪਾਰਟੀ ਵਰਕਰਾਂ, ਵੋਟਰਾਂ ਤੇ ਸਪੋਰਟਰਾਂ ਦਾ ਧੰਨਵਾਦ ਕਰਦਿਆਂ ਅੱਗੇ ਕਿਹਾ ਕਿ ਮਾਨ ਸਰਕਾਰ ਵਲੋਂ ਹਰੇਕ ਵਰਗ ਦੇ ਹਿੱਤ ਵਿੱਚ ਕੀਤੇ ਕੰਮਾਂ ਤੇ ਲੋਕਾਂ ਨੇ ਮੋਹਰ ਲਗਾਈ ਹੈ ਅਤੇ ਅਗਲੇ ਸਮੇਂ ਦੌਰਾਨ ਮਾਨ ਸਰਕਾਰ ਹੋਰ ਤੇਜ਼ੀ ਨਾਲ ਸੂਬੇ ਅੰਦਰ ਵਿਕਾਸ ਕਾਰਜ ਕਰੇਗੀ।

## ਖੇਡ ਨਰਸਰੀਆਂ ਪੰਜਾਬ ਸਰਕਾਰ ਦਾ ਖੇਡਾਂ ਦੇ ਖੇਤਰ ਵਿਚਲਾ ਕ੍ਰਾਂਤੀਕਾਰੀ ਕਦਮ: ਨਰਿੰਦਰ ਕੌਰ ਭਰਾਜ

# ਕੋਚਾਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਆ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਵਿਧਾਨ ਸਭਾ ਹਲਕਾ ਸੰਗਰੂਰ ਸਮੇਤ ਪੂਰੇ ਸੂਬੇ ਵਿੱਚ ਖੋਲ੍ਹੀਆਂ ਜਾ ਰਹੀਆਂ ਖੇਡ ਨਰਸਰੀਆਂ ਮੁੱਖ ਮੰਤਰੀ, ਪੰਜਾਬ, ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਖੇਡਾਂ ਦੇ ਖੇਤਰ ਵਿਚਲਾ ਕ੍ਰਾਂਤੀਕਾਰੀ ਕਦਮ ਹਨ, ਜਿਸ ਨਾਲ ਪੰਜਾਬ ਦੇ ਖਿਡਾਰੀਆਂ ਨੂੰ ਆਪਣੀ ਖੇਡ ਪ੍ਰਤਿਭਾ ਨਿਖਾਰਨ ਦਾ ਬਹੁਤ ਹੀ ਵਧੀਆ ਮੰਚ ਪ੍ਰਾਪਤ ਹੋਵੇਗਾ ਤੇ ਉਹ ਕੌਮੀ ਤੇ ਕੌਮਾਂਤਰੀ ਮੁਕਾਬਲਿਆਂ ਵਿੱਚ ਸੂਬੇ ਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਨੇ ਇਥੇ ਵਾਰ ਹੀਰੋਜ਼ ਸਟੇਡੀਅਮ ਵਿਖੇ ਇਹਨਾਂ ਨਰਸਰੀਆਂ ਤਹਿਤ ਹਲਕਾ ਸੰਗਰੂਰ ਦੇ ਪਿੰਡ ਘਰਾਚੋਂ, ਭਵਾਨੀਗੜ੍ਹ ਅਤੇ ਸੰਗਰੂਰ ਵਿਖੇ ਵੱਖ-ਵੱਖ ਗੇਮਾਂ ਦੇ ਕੋਚਿਜ਼, ਘਰਾਚੋਂ ਵਿਖੇ ਗੋਬਿੰਦ ਸ਼ਰਮਾ ਹਾਕੀ ਕੋਚ, ਭਵਾਨੀਗੜ੍ਹ ਵਿਖੇ ਭੂਸ਼ਨ ਸ਼ਰਮਾ ਹਾਕੀ ਕੋਚ ਅਤੇ ਸੰਗਰੂਰ ਵਿਖੇ ਸੁਨੀਲ ਕੁਮਾਰ ਬਾਕਸਿੰਗ ਕੋਚ ਨੂੰ ਨਿਯੁਕਤੀ ਪੱਤਰ ਸੌਂਪਣ ਮੌਕੇ ਕੀਤਾ। ਸ਼੍ਰੀਮਤੀ ਭਰਾਜ ਵੱਲੋਂ ਕੋਚੀਜ਼ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਵੱਧ ਤੋਂ ਵੱਧ ਮਿਹਨਤ ਕਰਨ ਲਈ ਪ੍ਰੇਰਿਤ ਕਰਦਿਆਂ ਆਦੇਸ਼ ਦਿੱਤੇ ਗਏ ਕਿ ਯੂਥ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੋੜਿਆ ਜਾਵੇ। ਹਲਕਾ ਵਿਧਾਇਕ ਨੇ ਕਿਹਾ ਕਿ ਇਹ ਕੋਸ਼ਿਸ਼ ਸਿਰਫ ਖੇਡਾਂ ਦੇ ਵਿਕਾਸ ਲਈ ਨਹੀਂ, ਸਗੋਂ ਨੌਜਵਾਨਾਂ ਦੀ ਨਵੀਂ ਪੀੜ੍ਹੀ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਲਈ ਤਿਆਰ ਕਰਨ ਵੱਲ ਇਕ ਮਜ਼ਬੂਤ ਕਦਮ ਹੈ। ਸ਼੍ਰੀਮਤੀ ਭਰਾਜ ਨੇ ਕਿਹਾ ਕਿ ਤਜਰਬੇਕਾਰ ਕੋਚਾਂ ਦੀ ਨਿਯੁਕਤੀ ਨਾਲ ਖਿਡਾਰੀਆਂ ਨੂੰ ਪ੍ਰੋਫੈਸ਼ਨਲ ਮਾਰਗਦਰਸ਼ਨ ਮਿਲੇਗਾ, ਜੋ ਉਨ੍ਹਾਂ ਦੀ ਪ੍ਰਦਰਸ਼ਨ-ਕੁਸ਼ਲਤਾ ਨੂੰ ਨਿਖਾਰੇਗਾ। ਇਹ ਪਹਿਲ ਇੱਕ ਨਵੀਨ ਯੁਗ ਦੀ ਸ਼ੁਰੂਆਤ ਮੰਨੀ ਜਾ ਰਹੀ ਹੈ, ਜਿੱਥੇ ਖਿਡਾਰੀਆਂ ਨੂੰ ਮੌਕੇ ਅਤੇ ਮਾਰਗਦਰਸ਼ਨ ਮਿਲਣਗੇ। ਇਹ ਖੇਡ ਕੋਚ ਹਲਕੇ ਦੇ ਨੌਜਵਾਨਾਂ ਨੂੰ ਵੱਖ ਵੱਖ ਖੇਡਾਂ ਦੀ ਸਿਖਲਾਈ ਦੇਣਗੇ, ਉਥੇ ਹੀ ਸਿਹਤਮੰਦ ਅਤੇ ਨਿਰੋਗ ਜੀਵਨ ਬਤੀਤ ਕਰਨ ਲਈ ਸੇਧ ਵੀ ਮੁਹਈਆ ਕਰਵਾਉਣਗੇ। ਹਲਕਾ ਵਿਧਾਇਕ ਨੇ ਕਿਹਾ ਕਿ ਹੁਣ ਉਹ ਸਮਾਂ ਦੂਰ ਨਹੀਂ, ਜਦੋਂ ਪੰਜਾਬ ਦੇ ਪਿੰਡਾਂ ਵਿਚੋਂ ਨਿਕਲ ਕੇ ਨੌਜਵਾਨ ਮੁੰਡੇ ਕੁੜੀਆਂ ਅੰਤਰਰਾਸ਼ਟਰੀ ਪੱਧਰ ਉੱਤੇ ਦੇਸ਼ ਦੀ ਅਗਵਾਈ ਕਰਨਗੇ ਅਤੇ ਨਾਮਣਾ ਖੱਟਣਗੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਨਾਲੋਂ ਦੂਰ ਕਰ ਕੇ ਖੇਡਾਂ ਨਾਲ ਜੋੜਨ ਲਈ ਜਿੱਥੇ ਖੇਡਾਂ ਵਤਨ ਪੰਜਾਬ ਦੀਆਂ ਸ਼ੁਰੂ ਕਰਵਾਈਆਂ ਗਈਆਂ ਹਨ, ਉਥੇ ਹੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਨਾਮ ਚਮਕਾਉਣ ਵਾਲੇ ਖਿਡਾਰੀਆਂ ਨੂੰ ਨੌਕਰੀਆਂ ਅਤੇ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਸ਼੍ਰੀਮਤੀ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਖੇਡਾਂ ਦੇ ਖੇਤਰ ਵਿੱਚ ਪੰਜਾਬ ਦਾ ਭਵਿੱਖ ਬਹੁਤ ਹੀ ਸੁਨਹਿਰਾ ਹੈ। ਉਹਨਾਂ ਨੇ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੀਆਂ ਯੋਜਨਾਵਾਂ ਦਾ ਲਾਭ ਲੈਣ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਨਵਦੀਪ ਸਿੰਘ, ਸਥਾਨਕ ਐਮ.ਸੀਜ਼, ਸ਼ਹਿਰ ਦੇ ਆਪ ਆਗੂ, ਪਤਵੰਤੇ ਅਤੇ ਵੱਡੀ ਗਿਣਤੀ ਖਿਡਾਰੀ ਹਾਜ਼ਰ ਸਨ।

### ਹਲਕਾ ਵਿਧਾਇਕ ਨੇ ਵਾਰ ਹੀਰੋਜ਼ ਸਟੇਡੀਅਮ ਵਿਖੇ ਖੇਡ ਨਰਸਰੀਆਂ ਦੇ ਕੋਚਾਂ ਨੂੰ ਸੌਂਪੇ ਨਿਯੁਕਤੀ ਪੱਤਰ

# ਇਕ ਪਿਸਤੌਲ ਤੇ 4 ਜਿੰਦਾ ਰੌਂਦਾ ਸਮੇਤ ਨੌਜਵਾਨ ਕਾਬੂ



**ਚੌਂਕ ਮਹਿਤਾ, 23 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਥਾਣਾ ਮਹਿਤਾ ਦੀ ਪੁਲੀਸ ਨੇ ਇਕ ਨੌਜਵਾਨ ਨੂੰ ਨਜਾਇਜ ਪਿਸਤੌਲ ਸਮੇਤ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।ਜਾਣਕਾਰੀ ਮੁਤਾਬਿਕ ਐੱਸ.ਐੱਚ.ਓ. ਹਰਪਾਲ ਸਿੰਘ ਨੇ ਦੱਸਿਆ ਕਿ ਮੁਖਬਰ ਦੀ ਇਤਲਾਹ ਤੇ ਪੁਲੀਸ ਪਾਰਟੀ ਦੇ ਵੱਲੋ ਪਿੰਡ ਦਿਆਲਗੜ੍ਹ ਦੇ ਨਜਦੀਕ ਸੂਏ ਦੇ ਪੁਲ ਤੇ ਨਾਕਾਬੰਦੀ ਕੀਤੀ ਹੋਈ ਸੀ। ਇਸ ਨਾਕੇ ਦੌਰਾਨ ਪੁਲੀਸ ਮੁਲਾਜ਼ਮਾਂ ਦੇ ਵੱਲੋਂ ਬਿਨਾਂ ਨੰਬਰੀ ਕਾਲੇ ਰੰਗ ਦੇ ਸਪਲੈਂਡਰ ਮੋਟਰਸਾਈਕਲ ਤੇ ਸਵਾਰ ਇਕ ਨੌਜਵਾਨ ਨੂੰ ਬੜੀ ਹੁਸ਼ਿਆਰੀ ਨਾਲ ਕਾਬੂ ਕੀਤਾ ਗਿਆ, ਜਿਸ ਦੀ ਸਖਤੀ ਨਾਲ ਪੁੱਛਗਿੱਛ ਕਰਨ ਤੇ ਉਸ ਨੇ ਆਪਣਾ ਨਾਂ ਸਤਿੰਦਰਪਾਲ ਸਿੰਘ ਉਰਫ ਰਾਜਾ ਪੁੱਤਰ ਅਮਰਜੀਤ ਸਿੰਘ ਵਾਸੀ ਖੱਬੇਰਾਜਪੂਤਾ ਦੱਸਿਆ। ਐੱਸ.ਐੱਚ.ਓ. ਹਰਪਾਲ ਸਿੰਘ ਨੇ ਦੱਸਿਆ ਕਿ ਪੁਲਸ ਮੁਲਾਜ਼ਮਾਂ ਦੇ ਵੱਲੋਂ ਜਦ ਉਕਤ ਨੌਜਵਾਨ ਦੀ ਤਲਾਸ਼ੀ ਲਈ ਗਈ ਤਾਂ ਉਸ ਦੇ ਕੋਲੋ ਇਕ ਪਿਸਟਲ, ਇਕ ਮੈਗਜ਼ੀਨ ਅਤੇ 4 ਜਿੰਦਾ ਰੌਂਦ ਬਰਾਮਦ ਕੀਤੇ ਗਏ। ਉਨਾਂ ਦੱਸਿਆ ਕਿ ਉਕਤ ਨੌਜਵਾਨ ਸਤਿੰਦਰਪਾਲ ਸਿੰਘ ਦੇ ਵਿਰੁੱਧ ਅਸਲਾ ਐਕਟ ਤਹਿਤ ਮੁਕੱਦਮਾ ਦਰਜ ਕਰ ਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਆਰ.ਟੀ.ਓ. ਦਫਤਰ ਮੁੜ ਮਿਨੀ ਸਕੱਤਰੇਤ ਵਿਖੇ ਤਬਦੀਲ, ਲੋਕਾਂ ਵੱਲੋਂ ਹਲਕਾ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਦਾ ਧੰਨਵਾਦ

**ਸੰਗਰੂਰ ( ਰਣਜੀਤ ਸਿੰਘ ਪੇਧਨੀ)** -ਮੁੱਖ ਮੰਤਰੀ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਇਹ ਤਰਜੀਹ ਹੈ ਕਿ ਲੋਕਾਂ ਨੂੰ ਸਰਕਾਰੀ ਸੇਵਾਵਾਂ ਲੈਣ ਸਬੰਧੀ ਕਿਸੇ ਕਿਸਮ ਦੀ ਦਿੱਕਤ ਨਾ ਆਵੇ ਅਤੇ ਲੋਕਾਂ ਨੂੰ ਇਕੋ ਛੱਤ ਥੱਲੇ ਜਲਦ ਤੋਂ ਜਲਦ ਵੱਧ ਤੋਂ ਵੱਧ ਸੇਵਾਵਾਂ ਮਿਲ ਸਕਣ। ਇਸ ਦਿਸ਼ਾ ਵਿੱਚ ਕੰਮ ਕਰਦਿਆਂ ਖੇਤਰੀ ਟਰਾਂਸਪੋਰਟ ਅਫ਼ਸਰ, ਸੰਗਰੂਰ ਦਾ ਦਫ਼ਤਰ ਜਿਹੜਾ ਕਿ ਡਰਾਈਵਿੰਗ ਲਾਇਸੈਂਸ ਟੈਸਟਿੰਗ ਟਰੈਕ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ, ਨੂੰ ਮੁੜ ਮਿਨੀ ਸਕੱਤਰੇਤ ਵਿਖੇ ਪਹਿਲਾਂ ਵਾਲੀ ਥਾਂ 'ਤੇ ਹੀ ਤਬਦੀਲ ਕਰ ਦਿੱਤਾ ਗਿਆ ਹੈ।



ਇਹ ਗੱਲ ਹਲਕਾ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਨੇ ਮਿਨੀ ਸਕੱਤਰੇਤ ਵਿਖੇ ਆਰ.ਟੀ.ਓ. ਦਫਤਰ ਦਾ ਦੌਰਾ ਕਰਨ ਮੌਕੇ ਆਖੀ। ਉਹਨਾਂ ਦੱਸਿਆ ਕਿ ਹਲਕਾ ਸੰਗਰੂਰ ਸਮੇਤ ਪੂਰੇ ਜ਼ਿਲ੍ਹੇ ਦੇ ਲੋਕਾਂ ਵੱਲੋਂ ਇਹ ਗੱਲ ਧਿਆਨ ਵਿੱਚ ਲਿਆਂਦੀ ਜਾ ਰਹੀ ਸੀ ਕਿ ਮਿਨੀ ਸਕੱਤਰੇਤ ਤੋਂ ਦਫ਼ਤਰ ਤਬਦੀਲ ਹੋਣ ਕਾਰਨ ਉਹਨਾਂ ਨੂੰ ਦਿੱਕਤਾਂ ਦਰਪੇਸ਼ ਹਨ ਕਿਉਂਕਿ ਮਿਨੀ ਸਕੱਤਰੇਤ ਦੇ ਬੱਸ ਅੱਡਾ ਬਿਲਕੁਲ ਨਾਲ ਹੈ ਤੇ ਜ਼ਿਲ੍ਹੇ ਵਿਚੋਂ ਕੋਈ ਵੀ ਵਿਅਕਤੀ ਬੱਸ ਚੜ੍ਹ ਕੇ ਇਥੇ ਸੌਖੇ ਢੰਗ ਨਾਲ ਪੁੱਜ ਕੇ ਆਪਣੇ ਕੰਮ ਕਰਵਾ ਸਕਦਾ ਹੈ ਤੇ ਹੋਰ ਥਾਂ ਜਾਣ ਲਈ ਲੋਕਾਂ ਨੂੰ ਬੱਸ ਅੱਡੇ ਤੋਂ ਅੱਗੇ ਹੋਰ ਸਾਧਨ ਲੈਣਾ ਪੈਂਦਾ ਸੀ। ਸ਼੍ਰੀਮਤੀ ਭਰਾਜ ਨੇ ਕਿਹਾ ਕਿ ਇਸ ਮੁਸ਼ਕਲ ਦੇ ਹੱਲ ਲਈ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਅਤੇ ਆਰ.ਟੀ.ਓ. ਸ਼੍ਰੀ ਨਮਨ ਮੜਕਣ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ ਤੇ ਮੁੜ ਦਫਤਰ ਨੂੰ ਮਿਨੀ ਸਕੱਤਰੇਤ ਵਿਖੇ ਤਬਦੀਲ ਕਰ ਦਿੱਤਾ ਗਿਆ ਹੈ। ਇਸ ਮੌਕੇ ਆਰ.ਟੀ.ਓ. ਸ਼੍ਰੀ ਨਮਨ ਮੜਕਣ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਅਤੇ ਹਲਕਾ ਵਿਧਾਇਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੋਕਾਂ ਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਦਫ਼ਤਰ ਨੂੰ ਮੁੜ ਮਿਨੀ ਸਕੱਤਰੇਤ ਵਿਖੇ ਤਬਦੀਲ ਕੀਤਾ ਗਿਆ ਹੈ। ਉਹਨਾਂ ਦੀ ਇਹ ਕੋਸ਼ਿਸ਼ ਹੈ ਕਿ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਘੱਟ ਤੋਂ ਘੱਟ ਸਮੇਂ ਵਿੱਚ ਬਿਨਾਂ ਕਿਸੇ ਪ੍ਰੇਸ਼ਾਨੀ ਤੋਂ ਦਿੱਤਾ ਜਾਵੇ। ਇਸ ਮੌਕੇ ਆਪਣੇ ਕੰਮਾਂ ਲਈ ਦਫਤਰ ਪੁੱਜੇ ਲੋਕਾਂ ਵੱਲੋਂ ਹਲਕਾ ਵਿਧਾਇਕ ਸ਼੍ਰੀਮਤੀ ਭਰਾਜ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਵੱਖੋ ਵੱਖ ਅਹੁਦੇਦਾਰ, ਪਤਵੰਤੇ ਅਤੇ ਆਮ ਲੋਕ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਤਾਬਦੀ ਨੂੰ ਸਮਰਪਿਤ

# 4000 ਦੇ ਕਰੀਬ ਲਗਾਏ ਰੁੱਖਾਂ ਦੇ ਜੰਗਲ ਨੂੰ ਸ਼ਰਾਰਤੀ ਅਨਸਰ ਵੱਲੋਂ ਸਾੜ ਦਿੱਤੇ



**ਜੰਡਿਆਲਾ ਗੁਰੂ 24 ਜੂਨ ( ਕੁਲਵੰਤ ਸਿੰਘ ਵਿਰਦੀ )**-ਅੰਮ੍ਰਿਤਸਰ ਪਠਾਨਕੋਟ ਹਾਈਵੇ ਤੇ ਵੇਰਕਾ ਬਾਈਪਾਸ ਦੇ ਨੇੜੇ ਪ੍ਰਸ਼ਾਸਨ ਵੱਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਯਾਦ ਨੂੰ ਸਮਰਪਿਤ ਇੱਕ ਜੰਗਲ ਲਗਾਇਆ ਗਿਆ ਸੀ ਜਿਸ ਵਿੱਚ ਵੱਖ-ਵੱਖ ਕਿਸਮਾਂ ਦੇ 4000 ਹਜਾਰ ਦੇ ਕਰੀਬ ਰੁੱਖ ਲਗਾਏ ਗਏ ਸੀ। ਕਿਸੇ ਸ਼ਰਾਰਤੀ ਅਨਸਰ ਵੱਲੋਂ ਹਰੇ ਭਰੇ ਜੰਗਲ ਨੂੰ ਅੱਗ ਲਗਾ ਕੇ ਸਾੜ ਦਿੱਤਾ ਗਿਆ ਜਦੋਂ ਇਸ ਦੀ ਕਿਸੇ ਨੇ ਸਾਰ

ਆਵਾਜ਼ਿ ਕੌਮ AWAZE QAUM International Newspaper & WEB TV

**ਜੰਗਲ ਨੂੰ ਬਚਾਉਣ ਦੇ ਲਈ ਸਿੱਖ ਆਗੂ ਸੋਨੂੰ ਜੰਡਿਆਲਾ ਨੇ 300 ਦੇ ਕਰੀਬ ਲਗਾਏ ਵੱਖ ਵੱਖ ਕਿਸਮਾਂ ਦੇ ਰੁੱਖ**

ਨਾ ਲਈ ਤੇ ਮੌਕੇ ਤੇ ਪਹੁੰਚੇ ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਉਨਾਂ ਨੇ ਇਹ ਸਾਰੀ ਗੱਲ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦੀ ਤੇ ਅੰਮ੍ਰਿਤਸਰ ਦੇ ਡੀਸੀ ਮੈਡਮ ਤੇ ਮੈਂਬਰ ਪਾਰਲੀਮੈਂਟ ਅੰਮ੍ਰਿਤਸਰ ਤੇ ਧਿਆਨ ਵਿੱਚ ਲਿਆਂਦੀ ਤੇ ਜੰਗਲ ਨੂੰ ਬਚਾਉਣ ਦੇ ਲਈ ਅੱਗੇ ਆਏ ਸੋਨੂ ਜੰਡਿਆਲਾ ਨੇ ਇਸ ਹਰੇ ਭਰੇ ਜੰਗਲ ਨੂੰ ਬਚਾਉਣ ਦਾ ਬੀੜਾ ਚੁੱਕ ਲਿਆ ਤੇ ਅੱਜ ਜਿਸ ਜਗ੍ਹਾ ਤੇ ਜੰਗਲ ਨੂੰ ਅੱਗ ਲਗਾਈ ਗਈ ਸੀ ਉਸੇ ਜਗ੍ਹਾ ਤੇ ਵੱਖ-ਵੱਖ ਕਿਸਮਾਂ ਦੇ 300 ਦੇ ਕਰੀਬ ਰੁੱਖ ਲਗਾ ਦਿੱਤੇ ਗਏ ਇਹ ਰੁੱਖ ਨਿਮ ਧਰੇਕ ਅੰਬ ਜਾਮ ਨੂੰ ਟਾਲੀ ਤੂਤ ਤੂਤ ਲਗਾਏ ਗਏ ਜਾਣਕਾਰੀ ਦਿੰਦੇ ਹੋਏ ਸੋਨੂ ਜੰਡਿਆਲਾ ਨੇ ਦੱਸਿਆ ਕਿ ਜਿਸ ਜਗ੍ਹਾ ਤੇ ਜੰਗਲ ਲੱਗਿਆ ਸੀ ਇਸ ਦੇ ਆਲੇ ਦੁਆਲੇ ਜਿੰਨੀਆਂ ਵੀ ਹੋਰ ਜਗ੍ਹਾ ਖਾਲੀ ਨੇ ਉੱਥੇ ਵੀ ਅਸੀਂ ਰੁੱਖ ਲਗਾਵਾਂਗੇ ਤੇ ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਦੇ ਲਈ ਪ੍ਰਸ਼ਾਸਨ ਦਾ ਵੀ ਸਹਿਯੋਗ ਲਵਾਂਗੇ ਉਹਨਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਤੇ ਜੰਗਲਾਤ ਵਿਭਾਗ ਦੇ ਸਹਿਯੋਗ ਨਾਲ ਇਸ ਜੰਗਲ ਦੇ ਜੋ ਰੁੱਖ ਬਚ ਸਕਦੇ ਨੇ ਉਹਨਾਂ ਨੂੰ ਵੀ ਬਚਾਉਣ ਦੇ ਲਈ ਹਰ ਯਤਨ ਕਰਾਂਗੇ ਉਹਨਾਂ ਕਿਹਾ ਕਿ ਇਸ ਚੰਗੇ ਕੰਮ ਵਿੱਚ ਸੰਤਾਂ ਮਹਾਂਪੁਰਸ਼ਾਂ ਦਾ ਵੀ ਸਹਿਯੋਗ ਲਵਾਂਗੇ ਤੇ ਕਈ ਇੱਥੇ ਵੱਡੇ ਰੁੱਖ ਵੀ ਲਿਆ ਕੇ ਲਗਾਵਾਂਗੇ ਉਹਨਾਂ ਦੱਸਿਆ ਕਿ ਜਿਵੇਂ ਕਾਰ ਸੇਵਾ ਖਡੂਰ ਸਾਹਿਬ ਵਾਲੇ ਮਹਾਂਪੁਰਸ਼ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਕਿਲਾ ਅਨੰਦਗੜ੍ਹ ਅਨੰਦਪੁਰ ਸਾਹਿਬ ਵਾਲੇ ਸੰਤ ਮਹਾਂਪੁਰਸ਼ ਬਾਬਾ ਸਤਨਾਮ ਸਿੰਘ ਜੀ ਤੇ ਭੂਰੀ ਵਾਲੇ ਸੰਤਾਂ ਦਾ ਵੀ ਸਹਿਯੋਗ ਲਵਾਂਗੇ ਤੇ ਅੰਮ੍ਰਿਤਸਰ ਦੇ ਵਿੱਚ ਲੱਗੇ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਯਾਦ ਵਿੱਚ ਇਸ ਜੰਗਲ ਨੂੰ ਤਿੰਨ ਤੋਂ ਚਾਰ ਮਹੀਨਿਆਂ ਦੇ ਵਿੱਚ ਫਿਰ ਹਰਿਆ ਭਰਿਆ ਕਰ ਦਵਾਂਗੇ ਉਹਨਾਂ ਕਿਹਾ ਕਿ ਇਸ ਕੰਮ ਦੇ ਵਿੱਚ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਦਾ ਵੀ ਸਾਥ ਇਸ ਕੰਮ ਵਿੱਚ ਲਵਾਂਗੇ ਕਿਉਂਕਿ ਉਹਨਾਂ ਨੇ ਵੀ ਪਿਛਲੇ ਸਾਲ ਬਹੁਤ ਸਾਰੇ ਰੁੱਖ ਲਗਾਏ ਨੇ ਤੇ ਹਰ ਇੱਕ ਚੰਗੇ ਇਨਸਾਨ ਦਾ ਸਾਥ ਲਵਾਂਗੇ ਜੋ ਵਾਤਾਵਰਨ ਪ੍ਰੇਮੀ ਹੈ ਜੋ ਕੁਦਰਤ ਨੂੰ ਪ੍ਰੇਮ ਕਰਦਾ ਹੈ ਤੇ ਰੁੱਖ ਲਗਾਉਣ ਦੇ ਵਿੱਚ ਤੇ ਅੰਮ੍ਰਿਤਸਰ ਦੇ ਆਲੇ ਦੁਆਲੇ ਨੂੰ ਹਰਿਆ ਭਰਿਆ ਰੱਖਣ ਦੇ ਵਿੱਚ ਇਸ ਸਾਲ ਵੱਧ ਤੋਂ ਵੱਧ ਰੁੱਖ ਲਗਾਵਾਂਗੇ ਇਸ ਮੌਕੇ ਤੇ ਹਾਜ਼ਰ ਸਕੱਤਰ ਸਿੰਘ ਜਗਜੀਤ ਸਿੰਘ ਬਲਦੇਵ ਸਿੰਘ ਜਸਪਾਲ ਸਿੰਘ ਅੰਮ੍ਰਿਤਪਾਲ ਦਲਬੀਰ ਸਿੰਘ ਜੋਬਨਜੀਤ ਸਿੰਘ ਆਦਿ ਹਾਜਰ ਸਨ।

ਪਿੰਡ ਸਿਆਲਕਾ ਦੀ ਸਰਪੰਚ ਤੇਜਿੰਦਰ ਪਾਲ ਕੌਰ ਵਲੋਂ

# ਗੁਰਦੁਆਰਾ ਸਾਹਿਬ ਦੇ ਬਾਹਰ ਨਲਕਾ ਲਗਾਉਣ ਤੋਂ ਸਿਆਲਕਾ ਦੇ ਰੋਕਣ 'ਤੇ ਲਗਾਏ ਦੋਸ਼



**ਚੌਕ ਮਹਿਤਾ, 23 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪਿੰਡ ਸਿਆਲਕਾ ਵਿਖੇ ਲੱਗ ਰਹੇ ਨਲਕਿਆਂ ਦੌਰਾਨ ਜਿਥੇ ਅੱਜ ਪੰਚਾਇਤ ਅਤੇ ਉਸਦੇ ਮੈਂਬਰਾਂ ਵਲੋਂ ਅਮੀਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਜਿਥੇ ਸਮਾਗਮਾਂ ਦੌਰਾਨ ਲੰਗਰ ਬਣਾਉਣ ਦੀ ਸੇਵਾ ਕੀਤੀ ਜਾਂਦੀ ਹੈ,

ਆਵਾਜ਼ਿ ਕੌਮ AWAZE QAUM International Newspaper & WEB TV

**ਤਰਸੇਮ ਸਿੰਘ ਸਿਆਲਕਾ ਨੇ ਦੋਸ਼ ਨੂੰ ਨਕਾਰਿਆ**

ਉਸ ਜਗਾ 'ਤੇ ਸਹਿਮਤੀ ਨਾਲ 350 ਫੁੱਟ ਬੋਰ ਕਰਕੇ ਨਲਕਾ ਲਗਾਉਣ ਦਾ ਕੰਮ ਸ਼ੁਰੂ ਕਰਵਾ ਰਹੇ ਸੀ ਕਿ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਾਬਕਾ ਆਗੂ ਤਰਸੇਮ ਸਿੰਘ ਸਿਆਲਕਾ ਦੇ ਸਾਥੀਆਂ ਵਲੋਂ ਉਸਨੂੰ ਰੋਕਿਆ ਗਿਆ। ਇਹ ਦੋਸ਼ ਲਗਾਉਂਦਿਆਂ ਸਰਪੰਚ ਤੇਜਿੰਦਰ ਪਾਲ ਕੌਰ ਨੇ ਦੱਸਿਆ ਕਿ ਅਸੀਂ ਜਦੋਂ ਵੀ ਕੋਈ ਕੰਮ ਕਰਵਾਉਂਦੇ ਹਾਂ ਤਾਂ ਉਸ ਵਿਚ ਕੋਈ ਨਾ ਕੋਈ ਰੁਕਾਵਟ ਪਾ ਕੇ ਉਸ ਕੰਮ ਨੂੰ ਰੋਕਿਆ ਜਾਂਦਾ ਹੈ। ਇਸ ਮੌਕੇ ਮੈਂਬਰ ਪੰਚਾਇਤ ਗੁਰਭੇਜ ਸਿੰਘ, ਕੁਲਦੀਪ ਸਿੰਘ, ਮੁਖਤਾਰ ਸਿੰਘ, ਗੋਪਾਲ ਸਿੰਘ ਭਗਤ, ਮਨਜਿੰਦਰ ਕੌਰ, ਬਲਦੇਵ ਸਿੰਘ, ਜਸਵਿੰਦਰ ਸਿੰਘ, ਮਨਜੀਤ ਸਿੰਘ ਬੱਬਰ, ਕੁਲਦੀਪ ਸਿੰਘ, ਬੀਬੀ ਸਿਮਰਜੀਤ ਕੌਰ, ਨਿੰਦਰ ਕੌਰ, ਸਾਬਕਾ ਸਰਪੰਚ ਬਲਵਿੰਦਰ ਸਿੰਘ ਆਦਿ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ। ਇਸ ਸੰਬੰਧੀ ਸਾਬਕਾ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤਰਸੇਮ ਸਿੰਘ ਸਿਆਲਕਾ ਨੇ ਕਿਹਾ ਕਿ ਇਹ ਨਲਕੇ ਬਲਾਕ ਸੰਮਤੀ ਵਲੋਂ ਮੰਜੂਰ ਕਰਵਾ ਕੇ ਲਿਆਂਦਾ ਹੈ ਅਤੇ ਏ.ਡੀ.ਸੀ ਨੂੰ ਕਹਿ ਕੇ ਦੋ ਨਲਕੇ ਲਿਆਂਦੇ ਹਨ ਅਤੇ ਮੈਂ ਕਿਸੇ ਨੂੰ ਨਹੀਂ ਰੋਕਿਆ ਪਰ ਐੱਸ.ਸੀ ਭਾਈਚਾਰੇ ਦੀ ਆਬਾਦੀ ਪਿੰਡ 'ਚ ਜ਼ਿਆਦਾ ਹੋਣ ਕਾਰਨ ਇਕ ਅੱਧਾ ਨਲਕਾ ਗਲਤ ਥਾਵਾਂ 'ਤੇ ਲੱਗ ਚੁੱਕਾ ਹੈ ਅਤੇ ਇਸ ਸੰਬੰਧੀ ਅਸੀਂ ਇਹੀ ਕਿਹਾ ਸੀ ਕਿ ਬੀ.ਡੀ.ਪੀ.ਓ ਤਰਸਿੱਕਾ ਨੂੰ ਸਵੇਰੇ ਬੁਲਾ ਕੇ ਇਸਦਾ ਕੰਮ ਸ਼ੁਰੂ ਕਰਵਾ ਦਿਆਂਗੇ। ਮੈਂ ਕਿਸੇ ਨੂੰ ਵੀ ਨਲਕਾ ਲਗਾਉਣ ਤੋਂ ਨਹੀਂ ਰੋਕਿਆ। ਬਾਕੀ ਮੈਂ ਪਾਰਟੀ ਦਾ ਸੀਨੀਅਰ ਆਗੂ ਹੋਣ 'ਤੇ ਪਿੰਡ ਦਾ ਵਿਕਾਸ ਕਰਵਾਂਗਾ ਅਖੀਰ ਸਰਪੰਚ ਤਜਿੰਦਰ ਪਾਲ ਕੌਰ ਸਿਆਲਕਾ ਨੇ ਕਿਹਾ ਕਿ ਤਰਸੇਮ ਸਿੰਘ ਸਿਆਲਕਾ ਤੇ ਉਸਦੇ ਨਾਲ ਸਾਥੀਆਂ ਦੀ ਵੀਡੀਓ ਵਾਇਰਲ ਹੋ ਚੁੱਕੀ ਹੈ ਤਰਸੇਮ ਸਿੰਘ ਸਿਆਲਕਾ ਆਪਣੇ ਤੇ ਲੱਗੇ ਦੋਸ਼ਾਂ ਨੂੰ ਨਕਾਰਿਆ ਹੈ ਜਦਕਿ ਸਚਾਈ ਵੀਡੀਓ ਨਾਲ ਸਾਹਮਣੇ ਆ ਚੁੱਕੀ ਹੈ।

# ਝੋਨੇ ਦੀ ਸਿੱਧੀ ਬਿਜਾਈ ਵਿੱਚ ਨਦੀਨ ਪ੍ਰਬੰਧਨ ਲਈ ਕਈ ਪਿੰਡਾਂ ਵਿੱਚ ਲਗਾਈਆਂ ਪ੍ਰਦਰਸ਼ਨੀਆਂ







**ਲਹਿਰਾਗਾਗਾ ( ਰਣਜੀਤ ਸਿੰਘ ਪੇਧਨੀ )**-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਵਲੋਂ ਝੋਨੇ ਦੀ ਸਿੱਧੀ ਬਿਜਾਈ ਵਿੱਚ ਨਦੀਨਾਂ ਦੀ ਸਮੱਸਿਆ ਦੇ ਹੱਲ ਲਈ ਸਿਫਾਰਸ਼ ਨਦੀਨ-ਨਾਸ਼ਕਾਂ ਦੀਆਂ ਕੁਝ ਪ੍ਰਦਰਸ਼ਨੀਆਂ ਲਹਿਰਾਗਾਗਾ ਬਲਾਕ ਦੇ ਕਈ ਪਿੰਡਾਂ ਜਿਵੇਂ ਕਿ ਅਕੜਵਾਸ, ਖੋਖਰ ਕਲਾਂ, ਮੋਜੋਵਾਲੀ, ਸੰਗਤਪੁਰਾ, ਭੈਣੀ ਗੰਢੂਆਂ ਆਦਿ ਵਿਖੇ ਲਗਾਈਆਂ ਗਈਆਂ। ਕੇਂਦਰ ਦੇ ਇੰਚਾਰਜ ਡਾ. ਅਸ਼ੋਕ ਕੁਮਾਰ, ਜਿਲ੍ਹਾ ਪਸਾਰ ਵਿਗਿਆਨੀ ਨੇ ਦੱਸਿਆ ਕਿ ਪਾਣੀ ਦੀ ਬੱਚਤ ਕਰਨ ਲਈ, ਲੇਬਰ ਦੀ ਸਮੱਸਿਆ ਦੇ ਹੱਲ ਲਈ, ਜ਼ਮੀਨੀ ਪਾਣੀ ਦੇ ਜਿਆਦਾ ਰੀਚਾਰਜ ਲਈ ਝੋਨੇ ਦੀ ਸਿੱਧੀ ਬਿਜਾਈ ਇੱਕ ਵਧੀਆ ਢੰਗ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਇਸ ਵਿਧੀ ਰਾਹੀਂ ਝੋਨੇ ਦੀ ਕਾਸ਼ਤ ਕਰਨ ਲਈ ਢੁੱਕਵੀਂ ਜ਼ਮੀਨ, ਢੁੱਕਵੀਆਂ ਕਿਸਮਾਂ, ਬਿਜਾਈ ਦਾ ਸਮਾਂ ਅਤੇ ਮਾਤਰਾ, ਬਿਜਾਈ ਦੇ ਢੰਗਾਂ, ਨਦੀਨ ਪ੍ਰਬੰਧ ਆਦਿ ਬਾਰੇ ਭਰਪੂਰ ਜਾਣਕਾਰੀ ਤਿਆਰ ਕੀਤੀ ਗਈ ਹੈ ਜਿਸਨੂੰ ਡਾ. ਅਸ਼ੋਕ ਕੁਮਾਰ ਨੇ ਸਾਰਿਆਂ ਨਾਲ ਸਾਂਝਾ ਕੀਤਾ। ਬਿਜਾਈ ਤੋਂ 15-25 ਦਿਨਾਂ ਅੰਦਰ ਕਈ ਵਾਰ ਬਹੁਤ ਜਿਆਦਾ ਨਦੀਨ ਉੱਗਣ ਨਾਲ ਖੇਤ ਚੰਗੀ ਦਿੱਖ ਵਿੱਚ ਨਹੀਂ ਹੁੰਦੇ ਅਤੇ ਨਦੀਨਾਂ ਦੀ ਰੋਕਥਾਮ ਲਈ ਕਈ ਨਦੀਨ-ਨਾਸ਼ਕਾਂ ਦੇ ਛਿੜਕਾਅ ਕਰਨ ਦੀ ਸਿਫਾਰਸ਼ ਹੈ। ਖਾਸ ਤੌਰ ਤੇ ਸਵਾਂਕ ਅਤੇ ਝੋਨੇ ਦੇ ਮੋਥੇ ਦੀ ਰੋਕਥਾਮ ਲਈ ਨੌਮਨੀਗੋਲਡ 10 ਐਸ ਸੀ ਦੀ 100 ਮਿਲੀਲਿਟਰ ਮਾਤਰਾ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਸਵਾਂਕ, ਚੀਨੀ ਘਾਹ, ਚੌੜੇ ਪੱਤੇ ਵਾਲੇ ਨਦੀਨ, ਝੋਨੇ ਦੇ ਮੋਥੇ, ਗੰਢੀ ਵਾਲੇ ਮੋਥੇ/ ਡੀਲੇ ਦੀ ਰੋਕਥਾਮ ਲਈ ਨੋਵਲੈਕਟ 12 ਈ ਸੀ ਨੂੰ ਬਿਜਾਈ ਤੋਂ 20-25 ਦਿਨਾਂ ਦੇ ਅੰਦਰ 500 ਮਿਲੀਲਿਟਰ ਪ੍ਰਤੀ 150 ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰਕੇ ਕਾਬੂ ਕੀਤਾ ਜਾ ਸਕਦਾ ਹੈ। ਉਹਨਾਂ ਦੱਸਿਆ ਕਿ ਨਦੀਨ-ਨਾਸ਼ਕਾਂ ਦਾ ਛਿੜਕਾਅ ਵੱਤਰ ਖੇਤ ਵਿੱਚ ਕਰੋ। ਇਨ੍ਹਾਂ ਦੋਨੇ ਨਦੀਨ-ਨਾਸ਼ਕਾਂ ਨੂੰ ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਦੁਆਰਾ ਅਗਾਂਹਵਧੂ ਕਿਸਾਨ ਜਿਵੇਂ ਕਿ ਨਿਰਮਲ ਸਿੰਘ (ਪਿੰਡ ਖੋਖਰ ਕਲਾਂ), ਰਣਧੀਰ ਸਿੰਘ (ਪਿੰਡ ਖੋਖਰ ਕਲਾਂ), ਰਜਿੰਦਰ ਸਿੰਘ (ਪਿੰਡ ਅੜਕਵਾਸ), ਮਲਕੀਤ ਸਿੰਘ (ਪਿੰਡ ਅੜਕਵਾਸ), ਜਗਸੀਰ ਸਿੰਘ (ਪਿੰਡ ਸੰਗਤਪੁਰਾ), ਸੁਖਤਾਰ ਸਿੰਘ (ਪਿੰਡ ਸੰਗਤਪੁਰਾ), ਤਰਸੇਮ ਸਿੰਘ (ਰੋਗਲਾ), ਅਮਰੀਕ ਸਿੰਘ (ਭੈਣੀ ਗੰਢੂਆਂ) ਅਤੇ ਹੋਰ ਕਿਸਾਨਾਂ ਨੂੰ ਪ੍ਰਦਰਸ਼ਨੀ ਦੇ ਤੌਰ ਤੇ ਦਿੱਤਾ ਗਿਆ। ਨਿਰਮਲ ਸਿੰਘ (ਖੋਖਰ ਕਲਾਂ) ਨੇ ਪਹਿਲੀ ਵਾਰ 13 ਏਕੜ ਤੇ ਸਿੱਧੀ ਬਿਜਾਈ ਕਰਨ ਦਾ ਫੈਸਲਾ ਲਿਆ ਅਤੇ ਹੁਣ ਤੱਕ ਉਹਨਾਂ ਦੀ ਫਸਲ ਬਹੁਤ ਵਧੀਆਂ ਹਾਲਤ ਵਿੱਚ ਖੜੀ ਹੈ। ਡਾ. ਅਸ਼ੋਕ ਕੁਮਾਰ ਨੇ ਹੋਰ ਕਿਸਾਨਾਂ ਨੂੰ ਇਸ ਵਿਧੀ ਨਾਲ ਜੁੜਨ ਲਈ ਪ੍ਰੇਰਿਆ ਅਤੇ ਖੇਤੀ ਸਾਹਿਤ ਵੀ ਦਿੱਤਾ ਗਿਆ।

# ਲੁਧਿਆਣਾ ਪੱਛਮੀ 'ਚ ਮਿਲੀ ਜਿੱਤ ਨੇ 'ਆਪ' ਨੂੰ ਹੋਰ ਮਜ਼ਬੂਤ ਕੀਤਾ , ਕੈਬਨਿਟ ਮੰਤਰੀ ਈ ਟੀ ਉ ਚੇਅਰਮੈਨ ਡਾ, ਗੁਰਵਿੰਦਰ ਸਿੰਘ, ਸਰਪੰਚ ਅਜੇ ਗਾਂਧੀ, ਔਜਲਾ







**ਚੌਕ ਮਹਿਤਾ, 23 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਆਮ ਆਦਮੀ ਪਾਰਟੀ ਨੂੰ ਲੁਧਿਆਣਾ ਵੈਸਟ ਦੀ ਜ਼ਿਮਨੀ ਚੋਣ 'ਚ ਮਿਲੀ ਜਿੱਤ 'ਤੇ ਖੁਸ਼ੀ ਜਾਹਿਰ ਕਰਦਿਆਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ, ਚੇਅਰਮੈਨ ਮਾਰਕੀਟ ਕਮੇਟੀ ਚੌਕ ਮਹਿਤਾ ਗੁਰਵਿੰਦਰ ਸਿੰਘ, ਸਰਪੰਚ ਅਜੇ ਗਾਂਧੀ ਚੌਕ ਮਹਿਤਾ,ਪ੍ਰਧਾਨ ਗੁਰਮੁੱਖ ਸਿੰਘ ਔਜਲਾ ਡੇਹਰੀਵਾਲ ਨੇ ਕਿਹਾ ਕਿ ਇਸ ਜਿੱਤ ਨੇ 'ਆਪ' ਨੂੰ ਹੋਰ ਮਜ਼ਬੂਤ ਕੀਤਾ ਹੈ। ਲੁਧਿਆਣੇ ਪੱਛਮੀ ਦੇ ਸੂਝਵਾਨ ਵੋਟਰਾਂ ਨੇ ਵਿਕਾਸ ਦੀ ਰਾਜਨੀਤੀ ਦੇ ਉੱਤੇ ਆਮ ਆਦਮੀ ਪਾਰਟੀ ਦੀ ਸਪੋਰਟ ਕਰਕੇ ਜਿੱਥੇ ਇੱਕ ਪਾਸੇ ਲੁੱਟਮਾਰ ਤੇ ਹੰਕਾਰ ਦੀ ਰਾਜਨੀਤੀ ਨੂੰ ਮਾਤ ਦਿੱਤੀ ਹੈ, ਉੱਥੇ ਹੀ ਦੂਜੇ ਪਾਸੇ ਅਮਨ ਪਸੰਦ ਤੇ ਵਿਕਾਸ ਦੀ ਰਾਜਨੀਤੀ ਨੂੰ ਜਿਤਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਹੋਏ ਰਿਕਾਰਡ ਤੋੜ ਵਿਕਾਸ ਕਾਰਜਾਂ 'ਤੇ ਆਪਣਾ ਭਰੋਸਾ ਜਤਾਇਆ ਹੈ। ਉਨ੍ਹਾਂ ਨੇ 'ਆਪ' ਉਮੀਦਵਾਰ ਸੰਜੀਵ ਅਰੋੜਾ ਨੂੰ ਜਿੱਤ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਨੇ ਕੂੜ ਪ੍ਰਚਾਰ ਦੀ ਰਾਜਨੀਤੀ ਦੇ ਖਿਲਾਫ ਵਿਕਾਸ ਦੀ ਗੱਲ ਕਰਦੇ ਹੋਏ ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਅੰਦਰ ਵੱਡ ਇਤਿਹਾਸਿਕ ਕੰਮ ਕੀਤੇ ਹਨ। ਪੰਜਾਬ ਸਰਕਾਰ ਵੱਲੋਂ ਮੁਫ਼ਤ ਬਿਜਲੀ ਤੇ 54 ਹਜ਼ਾਰ ਸਰਕਾਰੀ ਨੌਕਰੀਆਂ ਦੇ ਕੇ ਸੂਬੇ ਦੇ ਲੋਕਾਂ ਦਾ ਦਿਲ ਜਿੱਤਿਆ ਹੈ। ਪੰਜਾਬ ਸਰਕਾਰ ਵੱਲੋਂ ਕਈ ਟੋਲ ਪਲਾਜੇ ਬੰਦ ਕਰਾਏ ਗਏ, ਆਮ ਆਦਮੀ ਕਲੀਨਿਕਾਂ ਦੇ ਰਾਹੀਂ ਢਾਈ ਕਰੋੜ ਲੋਕਾਂ ਇਲਾਜ ਕੀਤਾ ਗਿਆ ਤੇ ਕਰੱਪਸ਼ਨ ਦੇ ਖਿਲਾਫ ਸਖ਼ਤ ਕਦਮ ਚੁੱਕਦੇ ਹੋਏ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹਈਆ ਕਰਵਾਉਣ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ। ਦੋਨਾਂ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ 2027 'ਚ ਮੁੜ ਜਿੱਤ ਦਾ ਝੰਡਾ ਗੱਡ ਕੇ ਇੱਕ ਵੱਡਾ ਇਤਿਹਾਸ ਸਿਰਜੂਗੀ।

